ਅੰਗ ੭੨੧ = ਰਾਗੁ ਤਿਲੰਗ ਮਹਲਾ ੧ ਘਰੁ ੧ ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਪ੍ਰਮਾਤਮਾ ਇਕ ਹੈ, ਉਸ ਦਾ ਨਾਮ ਸਦਾ ਕਾਇਮ ਰਹਿਣ ਵਾਲਾ ਹੈ, ਸ੍ਰਿਸਟੀ ਦਾ ਰਚਨਹਾਰ ਹੈ, ਸਾਰੇ ਜਗਤ ਵਿਚ ਵਿਆਪਕ ਹੈ, ਭੈ ਰਹਿਤ ਤੇ ਵੈਰ ਰਹਿਤ ਹੈ, ਉਸ ਦਾ ਸਰੂਪ ਕਾਲ ਤੋਂ ਰਹਿਤ ਹੈ, ਉਹ ਕਿਸੇ ਜੋਨੀ ਵਿਚ ਨਹੀਂ ਆਉਂਦਾ, ਅਪਣੇ ਆਪ ਤੋਂ ਪ੍ਰਕਾਸ਼ ਮਾਨ ਹੈ ਅਤੇ ਉਹ ਗੁਰ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਰਾਗੁ ਤਿਲੰਗ = ਇਸ ਰਾਗ ਦਾ ਨਾਮ ਸੰਸਕ੍ਰਿਤ ਗ੍ਰੰਥਾਂ ਵਿਚ ਤ੍ਰਿਕਲਿੰਗ ਜਾਂ ਤ੍ਰਿਲਿੰਗ ਲਿਖਿਆ ਮਿਲਦਾ ਹੈ। ਇਕ ਦੱਖਣੀ ਦੇਸ਼, ਜਿਸ ਵਿਚ ਸ੍ਰੀ ਸ਼ੈਲ, ਕਾਲੇਸ੍ਵਰ ਅਤੇ ਭੀਮੇਸ੍ਵਰ ਨਾਮ ਦੇ ਤਿੰਨ ਪਹਾੜ ਹਨ, ਜਿਨ੍ਹਾਂ ਉਪਰ ਤਿੰਨ ਸ਼ਿਵਲਿੰਗ ਬਣੇ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦਾ ੧੪ ਵਾਂ ਨੰਬਰ ਹੈ ਅਤੇ ਗਾਉਣ ਦਾ ਸਮਾਂ ਦਿਨ ਦਾ ਤੀਜਾ ਪਹਿਰ ਹੈ। ਰਾਗਮਾਲਾ ਵਿਚ ਇਹ ਰਾਗ ਹਿੰਡੋਲ ਦੀ ਰਾਗਣੀ ਲਿਖੀ ਹੈ।

ਉਥਾਨਕਾ = ਇਹ ਸ਼ਬਦ ਕਿਸੇ ਮੁਸਲਮਾਨ ਪ੍ਰਤੀ ਉਚਾਰਨ ਕੀਤਾ ਹੋਇਆ ਹੈ। ਸੰਪ੍ਰਦਾਵਾਂ ਵਾਲੇ ਮੰਨਦੇ ਹਨ ਕਿ ਇਹ ਸ਼ਬਦ ਗੁਰੂ ਜੀ ਨੇ ਫਾਰਸੀ ਸਿੱਖਣ ਵੇਲੇ ਨੂਰ ਦੀਨ ਮੌਲਵੀ ਪ੍ਰਤੀ ਉਚਾਰਿਆ ਹੈ। ਇਸ ਵਿਚ ਬਹੁਤੇ ਲਫਜ ਫਾਰਸੀ ਦੇ ਹਨ, ਪਰ ਇਹ ਫਾਰਸੀ ਬੋਲੀ ਵਿਚ ਨਹੀਂ ਲਿਖਿਆ ਗਿਆ ਹੈ। ਗੁਰੂ ਜੀ ਦੇ ਸਮੇਂ ਵਿਚ ਮੁਸਲਮਾਨਾਂ ਦਾ ਰਾਜ ਸੀ, ਉਸ ਵੇਲੇ ਅਜੇ ਉਰਦੂ ਨਹੀਂ ਸੀ ਬਣੀ। ਫਾਰਸੀ ਬੋਲਣ ਵਾਲੇ ਬਾਹਰੋਂ ਆਏ ਮੁਸਲਮਾਨ ਹਿੰਦੋਸਤਾਨ ਦੇ ਲੋਕਾਂ ਨਾਲ ਹਿੰਦੀ ਨਾਲ ਫਾਰਸੀ ਦੇ ਲਫਜ ਮਿਲਾ ਕੇ ਗੱਲਬਾਤ ਕਰਿਆ ਕਰਦੇ ਸਨ। ਇਹੋ ਹੀ ਹਿੰਦੀ ਤੇ ਫਾਰਸੀ ਮਿਲ ਕੇ ਸ਼ਾਹਜਹਾਨ ਵੇਲੇ ਇਕ ਸਾਂਝੀ ਬੋਲੀ ਉਰਦੂ ਬਣ ਗਈ।

ਯਕ ਅਰਜ ਗੁਫਤਮ ਪੇਸਿ ਤੋ, ਦਰ ਗੋਸ ਕੁਨ ਕਰਤਾਰ ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥ ਮਮ ਸਰ ਮੂਇ ਅਜਰਾਈਲ ਗਿਰਫਤਹ, ਦਿਲ ਹੇਚਿ ਨ ਦਾਨੀ ॥੧॥ਰਹਾਉ॥ ਜਨ ਪਿਸਰ ਪਦਰ ਬਿਰਾਦਰਾਂ, ਕਸ ਨੇਸ ਦਸਤੰਗੀਰ ॥ ਆਖਿਰ ਬਿਅਫਤਮ ਕਸ ਨ ਦਾਰਦ, ਚੂੰ ਸਵਦ ਤਕਬੀਰ ॥੨॥ ਸਬ ਰੋਜ ਗਸਤਮ ਦਰ ਹਵਾ, ਕਰਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ, ਮਮ ਈਂ ਚਿਨੀ ਅਹਵਾਲ ॥੩॥ ਬਦ ਬਖਤ ਹਮ ਚੁ ਬਖੀਲ ਗਾਫਿਲ, ਬੇ ਨਜਰ ਬੇਬਾਕ ॥ ਨਾਨਕ ਬੁਗੋਯਦ ਜਨੁ ਤੁਰਾ, ਤੇਰੇ ਚਾਕਰਾਂ ਪਾ ਖਾਕ ॥੪॥੧॥ ਹੇ ਕਰਤਾਰ! ਮੈਂ ਤੇਰੇ ਅੱਗੇ ਇਕ ਬੇਨਤੀ ਆਖਦਾ ਹਾਂ, ਤੂੰ ਕੰਨਾਂ ਅੰਦਰ (ਸੁਣਨਾ) ਕਰ। ਤੂੰ ਸੱਚਾ ਹੈਂ, (ਸਭ ਤੋਂ) ਵੱਡਾ ਹੈਂ, ਕ੍ਰਿਪਾਲੂ ਹੈਂ, ਦੋਸ਼ਾਂ ਤੋਂ ਰਹਿਤ ਹੈਂ ਅਤੇ (ਸਭ ਜੀਵਾਂ ਦਾ) ਪਾਲਣਹਾਰ ਹੈਂ।੧।(ਹੇ ਭਾਈ!) ਦੁਨੀਆਂ ਨਾਸ਼ਵੰਤ ਟਿਕਾਣਾ ਹੈ, ਦਿਲ ਵਿਚ ਇਹ ਗੱਲ ਸੱਚ ਕਰਕੇ ਜਾਣ ਲੈ। ਮੇਰੇ ਸਿਰ ਦੇ ਵਾਲ ਅਜਰਾਈਲ ਨੇ ਫੜੇ ਹੋਏ ਹਨ, (ਪਰ ਤੂੰ) ਦਿਲ ਵਿਚ ਕੁਛ ਨਹੀਂ ਸਮਝਦਾ।੧।ਰਹਾਉ। ਇਸਤ੍ਰੀ, ਪੁਤ੍ਰ, ਪਿਤਾ, ਭਾਈ (ਇਨ੍ਹਾਂ ਵਿਚੋਂ) ਹੱਥ ਫੜਨ ਵਾਲਾ (ਸਹਾਈ) ਕੋਈ ਵੀ ਨਹੀਂ ਹੈ। (ਜਦ) ਅਖੀਰ ਨੂੰ ਮੈਂ ਡਿਗ ਪਿਆ (ਮੌਤ ਆ ਗਈ), ਜਦੋਂ ਜਨਾਜੇ ਦੀ ਨਮਾਜ ਪੜ੍ਹੀ ਜਾਵੇਗੀ, ਤਾਂ ਉਸ ਵੇਲੇ ਕੋਈ (ਨੇੜਲਾ ਸਬੰਧੀ) ਰੱਖਿਅਕ ਨਹੀਂ ਹੋਵੇਗਾ।੨।(ਹੇ ਕਰਤਾਰ!) ਦਿਨ ਰਾਤ ਮੈਂ ਲਾਲਚ ਵਿਚ ਫਿਰਦਾ ਰਿਹਾ ਹਾਂ ਅਤੇ ਬਦੀ ਦਾ ਖਿਆਲ ਕਰਦਾ (ਬੁਰਿਆਈ ਸੋਚਦਾ) ਰਿਹਾ ਹਾਂ। ਮੈਂ ਕਦੇ ਨੇਕੀ ਦਾ ਕੰਮ ਨਹੀਂ ਕੀਤਾ, ਮੇਰਾ ਇਹੋ ਜਿਹਾ ਹਾਲ ਰਿਹਾ ਹੈ।੩।(ਹੇ ਕਰਤਾਰ!) ਮੇਰੇ ਵਰਗਾ ਬਦ ਨਸੀਬ, ਚੁਗਲਖੋਰ, ਭੁੱਲਣਹਾਰ, ਬੇਸ਼ਰਮ ਤੇ ਨਿਡਰ (ਰੱਬੀ ਭੈ ਤੋਂ ਬਿਨਾ ਕੋਈ) ਨਹੀਂ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਹੇ ਕਰਤਾਰ!) ਮੈਂ ਤੇਰਾ ਦਾਸ ਹਾਂ ਅਤੇ ਤੇਰੇ ਦਾਸਾਂ ਦੀ ਚਰਨ ਧੂੜ ਹਾਂ।੪।੧।

ਪਦਾਰਥ = ਯਕ–ਇਕ। ਅਰਜ–ਬੇਨਤੀ। ਗੁਫਤਮ–ਮੈਂ ਆਖਦਾ ਹਾਂ। ਪੇਸਿ–ਅੱਗੇ; ਸਾਮ੍ਹਣੇ। ਤੋ–ਤੇਰੇ। ਦਰ–ਅੰਦਰ; ਵਿਚ। ਗੋਸ–ਕੰਨ। ਕੁਨ–ਕਰ। ਕਰਤਾਰ–ਹੇ ਕਰਤਾਰ!। ਹਕਾ–ਸੱਚਾ। ਕਬੀਰ–ਵੱਡਾ। ਕਰੀਮ–ਕ੍ਰਿਪਾ ਕਰਨ ਵਾਲਾ। ਬੇ ਐਬ–ਦੋਸ਼ ਰਹਿਤ (ਪਵਿਤ੍ਰ ;ਨਿਰ ਵਿਕਾਰ। ਪਰਵਦਗਾਰ–ਪਾਲਣਾ ਕਰਨ ਵਾਲਾ।੧। ਮੁਕਾਮੇ–ਟਿਕਾਣਾ; ਥਾਂ। ਫਾਨੀ–ਨਾਸ਼ਵੰਤ। ਤਹਕੀਕ–ਨਿਸਚੇ (ਸੱਚ) ਕਰਕੇ। ਦਿਲ–ਦਿਲ ਵਿਚ। ਦਾਨੀ–ਜਾਣ ਲੈ। ਮਮ ਸਰ–ਮੇਰੇ ਸਿਰ ਦੇ। ਮੂਇ–ਵਾਲ। ਅਜਰਾਈਲ–ਮੌਤ ਦਾ ਫਰਿਸਤਾ (ਜਮ ਦੂਤ)। ਹੇਚਿ–ਕੁਛ। ਗਿਰਫਤਹ–ਫੜੇ ਹੋਏ ਹਨ। ਨ ਦਾਨੀ–ਨਹੀਂ ਜਾਣਦਾ।੧।ਰਹਾਉ। ਜਨ (ਜ਼ਨ)–ਇਸਤ੍ਰੀ। ਪਿਸਰ–ਪੁਤ੍ਰ। ਪਦਰ–ਪਿਤਾ। ਬਿਰਾਦਰਾਂ–ਭਰਾ। ਕਸ–ਕੋਈ ਵੀ। ਨੇਸ (ਨੇਸਤ)–ਨਹੀਂ ਹੈ। ਦਸਤੰਗੀਰ–ਹੱਥ ਫੜਨ ਵਾਲਾ (ਸਹਾਈ)। ਆਖਿਰ–ਅਖੀਰ ਨੂੰ। ਬਿਅਫਤਮ–ਮੈਂ ਡਿਗ ਪਿਆ। ਨ ਦਾਰਦ–ਰੱਖਿਅਕ (ਬਚਾਉਣ ਵਾਲਾ)। ਚੂੰ–ਜਦੋਂ। ਸਵਦ (ਸ਼ਵੱਦ)–ਹੋਵੇਗਾ। ਤਕਬੀਰ–ਜਨਾਜਾ (ਅਰਥੀ); ਮੁਰਦੇ ਨੂੰ ਦੱਬਣ ਵੇਲੇ ਪੜ੍ਹੀ ਜਾਂਦੀ ਨਮਾਜ।੨। ਸਬ (ਸ਼ਬ)–ਰਾਤ। ਰੋਜ–ਦਿਨ। ਗਸਤਮ (ਗਸ਼ਤਮ)–ਮੈਂ ਫਿਰਦਾ

ਰਿਹਾ। ਹਵਾ–ਲਾਲਚ। ਕਰਦੇਮ–ਮੈਂ ਕਰਦਾ ਰਿਹਾ। ਬਦੀ–ਬੁਰਿਆਈ। ਗਾਹੇ–ਕਦੇ। ਨੇਕੀ ਕਾਰ–ਚੰਗਾ ਕੰਮ। ਕਰਦਮ–ਮੈਂ ਕੀਤਾ। ਮਮ–ਮੇਰਾ। ਈਂ ਚਿਨੀ–ਇਹੋ ਜਿਹਾ। ਅਹਵਾਲ–ਹਾਲ। ੩। ਬਦ ਬਖਤ–ਬੁਰੇ ਭਾਗਾਂ ਵਾਲਾ। ਹਮਚੁ–ਮੇਰੇ ਵਰਗਾ। ਬਖੀਲ–ਚੁਗਲਖੋਰ ;ਲਾਲਚੀ; ਕਮੀਨਾ; ਕੰਜੂਸ। ਗਾਫਿਲ–ਭੁਲਣਹਾਰ; ਬੇਪ੍ਰਵਾਹ। ਬੇਨਜਰ–ਬੇਸ਼ਰਮ; ਬਿਨਾ ਨਜਰ ਤੋਂ (ਅੰਨ੍ਹਾ); ਗਿਆਨ ਦ੍ਰਿਸ਼ਟੀ ਤੋਂ ਹੀਣਾ। ਬੇਬਾਕ–ਨਿਡਰ। ਬੁਗੋਯਦ–ਆਖਦਾ ਹੈ। ਜਨੁ–ਦਾਸ। ਤੁਰਾ–ਤੇਰਾ। ਚਾਕਰਾਂ–ਨੌਕਰਾਂ (ਸੇਵਕਾਂ) ਦੀ। ਪਾ ਖਾਕ–ਚਰਨਾਂ ਦੀ ਧੂੜ ।੪।੧।

ਉਥਾਨਕਾ = ਏਮਨਾਬਾਦ ਤੇ ਬਾਬਰ ਨੇ ਹਮਲਾ ਕੀਤਾ ਤੇ ਬੜੀ ਕਤਲਿਆਮ ਕੀਤੀ। ਕੁਝ ਲੋਕਾਂ ਦੇ ਸਮੇਤ ਬਾਬਰ ਦੀਆਂ ਫੌਜਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਵੀ ਗ੍ਰਿਫਤਾਰ ਕਰ ਲਿਆ। ਗੁਰੂ ਦੀ ਰੁਹਾਨੀ ਤਾਕਤ ਦੇਖ ਕੇ ਬਾਬਰ ਨੇ ਨਮਸ਼ਕਾਰ ਕੀਤੀ ਅਤੇ ਗੁਰੂ ਜੀ ਨੂੰ ਖੁਰਾਸਾਨ ਤੋਂ ਲਿਆਂਦੀ ਭੰਗ ਭੇਟਾ ਕੀਤੀ। ਗੁਰੂ ਜੀ ਨੇ ਕਿਹਾ ਕਿ ਅਸੀਂ ਕੋਈ ਦੁਨਿਆਵੀ ਨਸ਼ਾ ਨਹੀਂ ਵਰਤਦੇ, ਅਸੀਂ ਨਾਮ ਦਾ ਨਸ਼ਾ ਪੀਂਦੇ ਹਾਂ। ਬਾਬਰ ਨੇ ਪੁੱਛਿਆ ਕਿ ਉਹ ਨਸ਼ਾ ਕਿਹੋ ਜਿਹਾ ਹੈ, ਤਾਂ ਗੁਰੂ ਜੀ ਬਾਬਰ ਨੂੰ ਇਸ ਸ਼ਬਦ ਦੁਆਰਾ ਸਿੱਖਿਆ ਦਿਤੀ ਹੈ।

ਤਿਲੰਗ ਮਹਲਾ ੧ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥੧॥ ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ ॥੧॥ਰਹਾਉ॥ ਕੇਸਰਿ ਕੁਸਮ ਮਿਰਗਮੈ ਹਰਣਾ, ਸਰਬ ਸਰੀਰੀ ਚੜ੍ਹਣਾ ॥ ਚੰਦਨ ਭਗਤਾ ਜੋਤਿ ਇਨੇਹੀ, ਸਰਬੇ ਪਰਮਲੁ ਕਰਣਾ ॥੨॥ ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥ (ਹੇ ਪ੍ਰਭੂ !) ਤੇਰਾ ਭੈ ਮੇਰੀ ਭੰਗ ਹੈ ਅਤੇ ਮੇਰਾ ਚਿਤ (ਭੰਗ ਪਾਉਣ ਲਈ) ਥੈਲੀ ਹੈ। (ਜਿਸ ਨੂੰ ਪੀ ਕੇ) ਮੈਂ ਮਸਤਾਨਾ ਤੇ (ਸੰਸਾਰ ਦੀਆਂ ਵਾਸ਼ਨਾਵਾਂ ਦਾ) ਤਿਆਗੀ ਹੋ ਗਿਆ ਹਾਂ। ਮੇਰੇ ਹੱਥ (ਤੈਥੋਂ ਖੈਰ ਮੰਗਣ ਲਈ) ਪਿਆਲਾ ਹਨ (ਹੱਥ ਤੇਰੇ ਅੱਗੇ ਹੱਥ ਫੈਲਾਏ ਹਨ ਅਤੇ ਮੈਨੂੰ ਤੇਰੇ) ਦਰਸ਼ਨਾਂ ਦੀ ਭੁੱਖ ਹੈ। ਤੇਰੇ ਦਰ ਉਤੇ ਮੈਂ ਹਰ ਰੋਜ (ਤੇਰੇ ਦਰਸ਼ਨਾਂ ਦੀ ਭਿਖਿਆ) ਮੰਗਦਾ ਹਾਂ।੧। (ਹੇ ਪ੍ਰਭੂ !) ਮੈਂ ਤੇਰੇ ਦਰਸ਼ਨਾਂ ਦੀ ਇੱਛਾ ਕਰਦਾ ਹਾਂ; ਤੇਰੇ ਦਰਸ਼ਨਾਂ ਦੀ ਮਸਤੀ ਵਿਚ ਰਹਿਣਾ ਕਰਦਾ ਹਾਂ । ਮੈਂ ਤੇਰੇ ਦਰ ਉਤੇ (ਖੜਾ) ਮੰਗਤਾ ਹਾਂ, (ਮੈਨੂੰ ਅਪਣੇ ਦਰਸ਼ਨਾਂ ਦੀ) ਭਿਖਿਆ ਪਾ ਦੇ।੧। ਰਹਾਉ। ਕੇਸਰ, ਫੁੱਲ, ਕਸਤੂਰੀ ਅਤੇ ਸੋਨਾ ਸਭ ਦੇ ਸਰੀਰਾਂ ਤੇ ਚੜ੍ਹਦੇ ਹਨ (ਉਚੀ ਤੇ ਨੀਵੀਂ ਸਭ ਜਾਤਾਂ ਦੇ ਲੋਕ ਇਹ ਚੀਜਾਂ ਵਰਤਦੇ ਹਨ)। ਚੰਦਨ ਦਾ ਬ੍ਰਿਛ (ਹੋਰ ਬ੍ਰਿਛਾਂ ਨੂੰ ਚੰਦਨ ਬਣਾ ਦਿੰਦਾ ਹੈ) ਅਤੇ ਭਗਤਾਂ ਦਾ ਸੁਭਾਵ ਇਹੋ ਜਿਹਾ ਹੈ, ਉਹ ਸਭ ਨੂੰ ਸੁਗੰਧੀ ਵਾਲਾ ਕਰਦੇ ਹਨ (ਭਗਤ ਵੀ ਹੋਰਨਾਂ ਲੋਕਾਂ ਨੂੰ ਅਪਣੇ ਵਰਗਾ ਬਣਾ ਦੇਂਦੇ ਹਨ)।੨। ਘਿਓ ਤੇ ਰੇਸ਼ਮ ਦੇ ਭਾਂਡੇ ਬਾਰੇ ਕੋਈ ਨਹੀਂ ਕਹਿੰਦਾ (ਕਿ ਕਿਸ ਦਾ ਹੱਥ ਲੱਗਾ ਹੋਇਆ ਹੈ। ਘਿਓ ਕਿਸੇ ਭਾਂਡੇ ਵਿਚ ਹੋਵੇ, ਰੇਸ਼ਮ ਕੀੜੇ ਵਿਚੋਂ ਪੈਦਾ ਹੁੰਦਾ ਹੋਣ ਕਰਕੇ ਕੋਈ ਨਹੀਂ ਕਹਿੰਦਾ ਕਿ ਇਹ ਭੰਡਣ ਯੋਗ ਹਨ); ਘਿਓ ਤੇ ਰੇਸ਼ਮ ਨੂੰ ਭੰਡਣ ਯੋਗ ਕੋਈ ਨਹੀਂ ਕਹਿੰਦਾ। ਇਸੇ ਤਰ੍ਹਾਂ ਭਗਤ ਕਿਸੇ ਵਰਨ ਜਾਤ ਵਿਚ ਹੋਵੇ (ਉਹ ਕਿਸੇ ਨੂੰ ਭਿੱਟਦਾ ਨਹੀਂ, ਪਵਿਤ੍ਰ ਹੁੰਦਾ ਹੈ। ਹੇ ਪ੍ਰਭੂ ! ਜਿਹੜੇ ਭਗਤ) ਤੇਰੇ ਨਾਮ ਵਿਚ ਜੁੜ ਕੇ ਨਿੰਵੇ ਰਹਿੰਦੇ ਹਨ ਅਤੇ (ਤੇਰੇ ਸਰੂਪ ਵਿਚ) ਲਿਵ ਲਾ ਰਹੇ ਹਨ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਮੈਨੂੰ ਉਨ੍ਹਾਂ ਦੇ ਦਰ ਉਤੇ ਰੱਖ ਅਤੇ ਅਪਣੇ ਦਰਸ਼ਨਾਂ ਦੀ ਭਿਖਿਆ ਪਾ।੩।੧।੨।

ਪਦਾਰਥ = ਭਉ–ਡਰ। ਭਾਂਗ–ਭੰਗ। ਖਲੜੀ–ਚੰਮ ਦੀ ਥੈਲੀ। ਦੇਵਾਨਾ–ਮਸਤਾਨਾ; ਨਸ਼ਈ। ਭਇਆ–ਹੋਇਆ ਹਾਂ। ਅਤੀਤੁ–ਤਿਆਗੀ। ਕਰ–ਦੋਵੇਂ ਹੱਥ। ਕਾਸਾ–ਪਿਆਲਾ। ਦਰਿ–ਦਰ ਉਤੇ। ਮਾਗਉ–ਮੈਂ ਮੰਗਦਾ ਹਾਂ। ਨੀਤਾ ਨੀਤ–ਹਰ ਰੋਜ।੧। ਤਉ–ਤੇਰੇ। ਕਰਉ–ਮੈਂ ਕਰਦਾ ਹਾਂ। ਸਮਾਇ–ਇੱਛਾ (ਫ.ਸ.; ਸੰ.ਸ.); ਵਜਦ (ਮਸਤੀ ਵਾਲੀ ਦਸ਼ਾ; ਸਮਾਧੀ) ਮ.ਕੋ. ;ਅਭਿਆਸ (ਸ਼ਬਦਾਰਥ) । ਮਾਗਤੁ–ਮੰਗਤਾ। ਪਾਇ–ਪਾ ਦੇਹ।੧। ਰਹਾਉ। ਕੁਸਮ–ਫੁੱਲ। ਮਿਰਗਮੈ–ਕਸਤੂਰੀ। ਹਰਣਾ–ਸੋਨਾ। ਸਰਬ ਸਰੀਰੀ–ਸਭ ਸਰੀਰਾਂ ਉਤੇ। ਚੜ੍ਹਣਾ–ਚੜ੍ਹਦੇ (ਵਰਤਦੇ) ਹਨ। ਜੋਤਿ–ਸੁਭਾਉ; ਸ਼ਕਤੀ। ਇਨੇਹੀ–ਇਹੋ ਜਿਹੀ। ਸਰਬੇ–ਸਭ ਨੂੰ। ਪਰਮਲੁ–ਸੁਗੰਧੀ ਵਾਲਾ। ਕਰਣਾ–ਕਰਦੇ ਹਨ।੨। ਘਿਅ–ਘਿਓ। ਪਟ–ਰੇਸ਼ਮ। ਭਾਂਡਾ–ਬਰਤਨ (ਅੱਗੇ ਲੋਕ ਘਿਓ ਚਮੜੇ ਦੇ ਕੁੱਪੇ ਵਿਚ ਵੀ ਰਖਦੇ ਸਨ); ਭੰਡਣ ਯੋਗ (ਨਿੰਦਤ)। ਵਰਨ ਮਹਿ (ਬ੍ਰਾਮਣ, ਖਤ੍ਰੀ, ਸੂਦ ਜਾਂ ਵੈਸ਼ ਕਿਸੇ) ਜਾਤ ਵਰਨ ਵਿਚ ਹੋਵੇ। ਨਾਮਿ–ਨਾਮ ਵਿਚ। ਨਿਵੇ–ਨਿੰਵਦਾ (ਨਿਮ੍ਰਤਾ ਵਾਲਾ) ਹੈ; (ਤੇਰੇ ਅੱਗੇ) ਨਿੰਵਦਾ (ਮੱਥਾ ਟੇਕਦਾ) ਹੈ। ਤਿਨ ਦਰਿ–ਉਨ੍ਹਾਂ ਦੇ ਦਰ ਉਤੇ।੩।੧।੨।

ਤਿਲੰਗ ਮਹਲਾ ੧ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥ ਇਹੁ ਤਨੁ ਮਾਇਆ ਪਾਹਿਆ ਪਿਆਰੇ, ਲੀਤੜਾ ਲਬਿ ਰੰਗਾਏ ॥ ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ, ਕਿਉ ਧਨ ਸੇਜੈ ਜਾਇ ॥੧॥ ਹੰਉ ਕੁਰਬਾਨੈ ਜਾਉ ਮਿਹਰਵਾਨਾ, ਹੰਉ ਕੁਰਬਾਨੈ ਜਾਉ ॥ ਹੰਉ ਕੁਰਬਾਨੈ ਜਾਉ ਤਿਨਾ ਕੈ, ਲੈਨਿ ਜੋ ਤੇਰਾ ਨਾਉ ॥ ਲੈਨਿ ਜੋ ਤੇਰਾ ਨਾਉ ਤਿਨਾ ਕੈ, ਹੰਉ ਸਦ ਕੁਰਬਾਨੈ ਜਾਉ ॥੧॥ਰਹਾਉ॥ ਹੇ ਪਿਆਰੇ! (ਜੀਵ ਦੇ) ਇਸ ਸਰੀਰ ਨੂੰ ਮਾਇਆ ਦੀ ਪਾਹ ਚੜ੍ਹੀ ਹੋਈ ਹੈ ਅਤੇ (ਜੀਵ ਨੇ ਅਪਣੇ ਸਰੀਰ ਨੂੰ ਮਾਇਆ ਦੇ) ਲੋਭ ਨਾਲ ਰੰਗ ਲਿਆ ਹੈ। ਮੇਰੇ ਪਤੀ ਪ੍ਰਭੂ ਨੂੰ (ਇਹੋ ਜਿਹਾ ਜੀਵਨ ਰੂਪ) ਚੋਲਾ ਚੰਗਾ ਨਹੀਂ ਲਗਦਾ, (ਇਸ ਲਈ ਜੀਵ ਰੂਪ) ਇਸਤ੍ਰੀ ਕਿਵੇਂ ਸੇਜ ਉਤੇ ਜਾਵੇ (ਇਹੋ ਜਿਹਾ ਜੀਵਨ ਹੋਣ ਕਰਕੇ ਪਤੀ ਦਾ ਮਿਲਾਪ ਨਹੀਂ ਹੋ ਸਕਦਾ)?।੧।ਹੇ ਮਿਹਰਵਾਨ ਪ੍ਰਭੂ! ਮੈਂ (ਤੇਰੇ ਤੋਂ ਤਨ ਕਰਕੇ) ਕੁਰਬਾਨ ਜਾਂਦਾ ਹਾਂ ਅਤੇ (ਮਨ ਕਰਕੇ ਵੀ) ਮੈਂ ਕੁਰਬਾਨ ਜਾਂਦਾ ਹਾਂ। ਮੈਂ ਉਨ੍ਹਾਂ ਤੋਂ ਵੀ ਕੁਰਬਾਨ ਜਾਂਦਾ ਹਾਂ, ਜੋ ਤੇਰਾ ਨਾਉਂ ਲੈਂਦੇ (ਜਪਦੇ) ਹਨ। ਜੋ (ਸਾਧੂ ਜਨ) ਤੇਰਾ ਨਾਉਂ ਲੈਂਦੇ ਹਨ, ਮੈਂ ਉਨ੍ਹਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ।੧।ਰਹਾਉ।
(ਪਤੀ ਨੂੰ ਕਿਹੋ ਜਿਹਾ ਚੋਲਾ ਚੰਗਾ ਲਗਦਾ ਹੈ, ਅੱਗੇ ਦਸਦੇ ਹਨ)

ਅੰਗ ੭੨੨ = ਕਾਇਆ ਰੰਙਣਿ ਜੇ ਥੀਐ ਪਿਆਰੇ, ਪਾਈਐ ਨਾਉ ਮਜੀਠ ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ,ਐਸਾ ਰੰਗੁ ਨ ਡੀਠ ॥੨॥ ਜਿਨ ਕੇ ਚੋਲੇ ਰਤੜੇ ਪਿਆਰੇ, ਕੰਤੁ ਤਿਨਾ ਕੈ ਪਾਸਿ ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ,ਨਾਨਕ ਕੀ ਅਰਦਾਸਿ ॥੩॥ ਆਪੇ ਸਾਜੇ ਆਪੇ ਰੰਗੇ, ਆਪੇ ਨਦਰਿ ਕਰੇਇ ॥ ਨਾਨਕ ਕਾਮਣਿ ਕੰਤੈ ਭਾਵੈ, ਆਪੇ ਹੀ ਰਾਵੇਇ ॥੪॥੧॥੩॥ ਜੇ ਸਰੀਰ (ਲਲਾਰੀ ਦੇ ਰੰਗ ਵਾਲੀ) ਮੱਟੀ ਬਣ ਜਾਵੇ ਅਤੇ ਉਸ ਵਿਚ ਪ੍ਰਭੂ ਦਾ ਨਾਮ ਰੂਪ ਮਜੀਠ (ਪੱਕਾ ਰੰਗ) ਪਾ ਲਈਏ। ਰੰਗਣ ਵਾਲਾ ਮਾਲਕ (ਗੁਰੂ ਲਲਾਰੀ ਇਸ ਸਰੀਰ ਰੂਪ ਚੋਲੇ ਨੂੰ ਨਾਮ ਰੰਗ ਵਿਚ) ਜੇ ਰੰਗ ਦੇਵੇ, ਤਾਂ ਅਜੇਹਾ (ਅਸਚਰਜ ਗੂੜ੍ਹਾ ਤੇ ਪੱਕਾ ਰੰਗ ਚੜ੍ਹੇਗਾ, ਜੋ ਪਹਿਲਾਂ ਕਦੇ ਕਿਸੇ ਨੇ) ਦੇਖਿਆ ਨਹੀਂ ਹੋਵੇਗਾ (ਬੇਅੰਤ ਆਤਮ ਅਨੰਦ ਪ੍ਰਾਪਤ ਹੋਵੇਗਾ, ਜੋ ਆਮ ਬੰਦੇ ਨੇ ਅਨੁਭਵ ਨਹੀਂ ਕੀਤਾ ਹੋਣਾ)।੨।ਹੇ ਪਿਆਰੇ! ਜਿਨ੍ਹਾਂ (ਜੀਵ ਰੂਪ ਇਸਤ੍ਰੀਆਂ) ਦੇ ਸਰੀਰ ਰੂਪ ਚੋਲੇ (ਪ੍ਰਭੂ ਦੇ ਨਾਮ ਰੰਗ ਨਾਲ) ਰੰਗੇ ਹੋਏ ਹਨ, ਪਤੀ ਪ੍ਰਭੂ ਉਨ੍ਹਾਂ ਦੇ ਪਾਸ ਹੀ ਰਹਿੰਦਾ ਹੈ। ਨਾਨਕ ਦੀ ਬੇਨਤੀ (ਉਨ੍ਹਾਂ ਨਾਮ ਵਿਚ ਰੰਗੀਆਂ ਸਹਾਗਣਾਂ ਨੂੰ) ਕਹੋ, ਜੇ ਉਨ੍ਹਾਂ ਦੀ ਚਰਨ ਧੂੜ ਮਿਲ ਜਾਵੇ ਜੀ (ਤਾਂ ਸਾਡਾ ਜੀਵਨ ਸਫਲ ਹੋ ਜਾਵੇ)।੩।(ਹੇ ਭਾਈ! ਪ੍ਰਭੂ ਜੀਵ ਇਸਤ੍ਰੀ ਨੂੰ) ਆਪ ਹੀ ਸ਼ਿੰਗਾਰਦਾ ਹੈ (ਸ਼ੁੱਭ ਗੁਣਾਂ ਦੀ ਦਾਤ ਦੇ ਕੇ ਸੁਹਾਗ ਵੰਤੀ ਬਣਾਉਂਦਾ ਹੈ), ਆਪ ਹੀ (ਨਾਮ ਰੰਗ ਵਿਚ) ਰੰਗਦਾ ਹੈ ਅਤੇ ਆਪ ਹੀ (ਉਹ ਜੀਵ ਇਸਤ੍ਰੀ ਉਤੇ) ਮੇਹਰ ਦੀ ਨਜਰ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੀ ਜੀਵ ਰੂਪ) ਇਸਤ੍ਰੀ ਪਤੀ ਪ੍ਰਭੂ ਨੂੰ ਚੰਗੀ ਲਗਦੀ ਹੈ, ਆਪ ਹੀ (ਉਹ ਉਸ ਨੂੰ) ਭੋਗਦਾ ਹੈ (ਅਪਣੇ ਨਾਲ ਮਿਲਾ ਲੈਂਦਾ ਹੈ)।੪।੧।੩।

ਕਹੁ ਨਾਨਕ ਕੀ = ੧. ਨਾਨਕ ਦੀ ਬੇਨਤੀ ਹੈ ਕਿ ਹੇ ਜੀਵੋ! ਇਉਂ ਕਰੋ ਕਿ ਜੇ ਉਨ੍ਹਾਂ ਦੀ ਚਰਨ ਧੂੜ ਮਿਲ ਜਾਵੇ।੨. ਨਾਨਕ ਦੀ ਬੇਨਤੀ ਹੈ ਕਿ ਜੇ ਮੇਰੇ ਹਿਰਦੇ ਨੂੰ ਉਨ੍ਹਾਂ ਦੀ ਚਰਨ ਧੂੜ ਮਿਲ ਜਾਵੇ।(ਇਸੇ ਤਰ੍ਹਾਂ ਦੇ ਦੋਵੇਂ ਅਰਥ ਟਕਸਾਲ ਦੀ ਟੇਪ ਵਿਚ ਹਨ)

ਪਦਾਰਥ = ਤਨੁ-ਸਰੀਰ। ਪਾਹਿਆ-ਲਾਗ; ਪੁੱਠ; ਪਾਣ (ਫਟਕੜੀ, ਲੂਣ ਤੇ ਸੋਡਾ ਪਾਣੀ ਵਿਚ ਉਬਾਲ ਕੇ, ਉਸ ਵਿਚ ਕਪੜੇ ਨੂੰ ਡੋਬਿਆ ਜਾਂਦਾ ਹੈ, ਫਿਰ ਪਾਣੀ ਵਿਚ ਉਬਾਲੇ ਰੰਗ ਵਿਚ ਲਾਗ ਵਾਲਾ ਕਪੜਾ ਡੋਬਿਆ ਜਾਂਦਾ ਹੈ, ਇਉਂ ਕਪੜੇ ਨੂੰ ਵਧੀਆ ਰੰਗ ਚੜ੍ਹ ਜਾਂਦਾ ਹੈ)। ਪਿਆਰੇ-ਹੇ ਪਿਆਰੇ!। ਲੀਤੜਾ ਰੰਗਾਏ-ਰੰਗ ਲਿਆ ਹੈ। ਲਬਿ-ਲੋਭ ਨਾਲ। ਕੰਤੁ-ਪਤੀ ਨੂੰ। ਨ ਭਾਵੈ-ਚੰਗਾ ਨਹੀਂ ਲਗਦਾ ;ਪਸੰਦ ਨਹੀਂ ਆਉਂਦਾ। ਚੋਲੜਾ-ਸਰੀਰ ਜਾਂ ਜੀਵਨ ਰੂਪ ਚੋਲਾ। ਧਨ-(ਜੀਵ ਰੂਪ) ਇਸਤ੍ਰੀ। ਸੇਜੈ-(ਪਤੀ ਦੀ) ਸੇਜ ਉਤੇ। ਜਾਏ-ਜਾਵੇ।੧। ਹਉ-ਮੈਂ। ਕੁਰਬਾਨੈ ਜਾਉ-ਕੁਰਬਾਨ ਜਾਂਦਾ ਹਾਂ। ਮਿਹਰਵਾਨਾ-ਹੇ ਮਿਹਰਵਾਨ ਪ੍ਰਭੂ!। ਤਿਨਾ ਕੈ-ਉਨ੍ਹਾਂ ਤੋਂ। ਲੈਨਿ-ਲੈਂਦੇ (ਜਪਦੇ) ਹਨ। ਜੋ-ਜਿਹੜੇ। ਸਦ-ਸਦਾ; ਸੌ ਵਾਰ।੧। ਰਹਾਉ। ਕਾਇਆ-ਸਰੀਰ। ਰੰਙਣਿ-ਮੱਟੀ (ਭਾਂਡਾ)। ਥੀਐ-ਬਣ ਜਾਵੇ। ਮਜੀਠ -ਇਕ ਬੇਲ, ਜਿਸ ਦੀ ਡੰਡੀ ਨੂੰ ਉਬਾਲਿਆਂ ਪੱਕਾ ਲਾਲ ਰੰਗ ਬਣ ਜਾਂਦਾ ਹੈ। ਰੰਙੈ-ਰੰਗ ਦੇਵੇ। ਨ ਡੀਠ-ਨਹੀਂ ਦੇਖਿਆ।੨। ਚੋਲੇ- ਸਰੀਰ ਜਾਂ ਜੀਵਨ ਰੂਪ ਚੋਲੇ। ਰਤੜੇ-ਰੰਗੇ ਹੋਏ ਹਨ। ਪਾਸਿ-ਕੋਲ। ਜੀ ਕਹੁ-ਹੇ ਜੀਵੋ! ਕਹੋ (ਆਖੋ); ਹਿਰਦੇ ਨੂੰ।੩। ਸਾਜੇ-ਸਵਾਰਦਾ ਹੈ; ਸ਼ਿੰਗਾਰਦਾ ਹੈ। ਰੰਗੇ-ਰੰਗਦਾ ਹੈ। ਨਦਰਿ ਕਰੇਇ-ਮੇਹਰ ਦੀ ਨਜਰ ਕਰਦਾ ਹੈ। ਕਾਮਣਿ-ਇਸਤ੍ਰੀ। ਕੰਤੈ-ਪਤੀ ਨੂੰ। ਭਾਵੈ -ਪਿਆਰੀ ਲਗਦੀ ਹੈ; ਚੰਗੀ ਲਗਦੀ ਹੈ। ਰਾਵੇਇ-ਭੋਗਦਾ ਹੈ; ਅਪਣੇ ਨਾਲ ਮਿਲਾ ਲੈਂਦਾ ਹੈ।੪।੧।੩।

ਉਥਾਨਕਾ = ਸ਼ਬਦਾਰਥ ਅਨੁਸਾਰ ਇਹ ਸ਼ਬਦ ਕਾਮਰੂਪ (ਆਸਾਮ) ਦੀ ਜੋਬਨ ਤੇ ਜਾਦੂ ਟੂਣਿਆਂ ਵਿਚ ਮਸਤ ਰਾਣੀ ਨੂਰ ਸ਼ਾਹ ਪ੍ਰਤੀ ਉਚਾਰਿਆ ਹੈ। ਪੁਰਾਣੇ ਸਮੇਂ ਵਿਚ ਕਾਮ ਰੂਪ ਪੂਰਾ ਦੇਸ਼ ਜੰਤ੍ਰ ਮੰਤ੍ਰ ਜਾਦੂ ਟੂਣੇ ਲਈ ਪ੍ਰਸਿੱਧ ਹੁੰਦਾ ਸੀ। ਜਨਮ ਸਾਖੀਆਂ ਵਿਚ

ਦਸਿਆ ਗਿਆ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਇਸ ਦੇਸ ਵਿਚ ਗਏ, ਤਾਂ ਮਰਦਾਨ ਕੁਛ ਖਾਣ ਪੀਣ ਲਈ ਸ਼ਹਿਰ ਵਿਚ ਗਿਆ। ਕਿਸੇ ਜਾਦੂਗਰਨੀ ਨੇ ਮੰਤ੍ਰਾਂ ਦੇ ਬਲ ਨਾਲ ਭਾਈ ਮਰਦਾਨੇ ਨੂੰ ਭੇਡੂ ਬਣਾ ਦਿਤਾ ਸੀ। ਅੰਤ੍ਰਜਾਮੀ ਸਤਿਗੁਰੂ ਜੀ ਨੇ ਮਰਦਾਨੇ ਨੂੰ ਛੁਡਾਇਆ ਅਤੇ ਜਾਦੂਗਰਨੀਆਂ ਅਤੇ ਉਨ੍ਹਾਂ ਦੀ ਰਾਣੀ ਨੂਰ ਸ਼ਾਹ ਨੂੰ ਇਸ ਸ਼ਬਦ ਰਾਹੀਂ ਗੁਰਮਤ ਦਾ ਉਪਦੇਸ਼ ਦਿਤਾ।

ਤਿਲੰਗ ਮਃ ੧ ॥ ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ, ਰੰਗੋ ਕੀ ਨ ਮਾਣੇਹਿ ॥ ਸਹੁ ਨੇੜੈ ਧਨ ਕੰਮਲੀਏ, ਬਾਹਰੁ ਕਿਆ ਢੂਢੇਹਿ ॥ ਭੈ ਕੀਆ ਦੇਹਿ ਸਲਾਈਆ ਨੈਣੀ, ਭਾਵ ਕਾ ਕਰਿ ਸੀਗਾਰੋ ॥ ਤਾ ਸੋਹਾਗਣਿ ਜਾਣੀਐ ਲਾਗੀ, ਜਾ ਸਹੁ ਧਰੇ ਪਿਆਰੋ ॥੧॥ ਇਆਣੀ ਬਾਲੀ ਕਿਆ ਕਰੇ, ਜਾ ਧਨ ਕੰਤ ਨ ਭਾਵੈ ॥ ਕਰਣ ਪਲਾਹ ਕਰੇ ਬਹੁਤੇਰੇ, ਸਾ ਧਨ ਮਹਲੁ ਨ ਪਾਵੈ ॥ ਵਿਣੁ ਕਰਮਾ ਕਿਛੁ ਪਾਈਐ ਨਾਹੀ, ਜੇ ਬਹੁਤੇਰਾ ਧਾਵੈ ॥ ਲਬ ਲੋਭ ਅਹੰਕਾਰ ਕੀ ਮਾਤੀ, ਮਾਇਆ ਮਾਹਿ ਸਮਾਣੀ ॥ ਇਨੀ ਬਾਤੀ ਸਹੁ ਪਾਈਐ ਨਾਹੀ, ਭਈ ਕਾਮਣਿ ਇਆਣੀ ॥੨॥ ਜਾਇ ਪੁਛਹੁ ਸੋਹਾਗਣੀ ਵਾਹੈ, ਕਿਨੀ ਬਾਤੀ ਸਹੁ ਪਾਈਐ ॥ ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ, ਹਿਕਮਤਿ ਹੁਕਮੁ ਚੁਕਾਈਐ ॥ ਜਾ ਕੈ ਪ੍ਰੇਮਿ ਪਦਾਰਥੁ ਪਾਈਐ, ਤਉ ਚਰਣੀ ਚਿਤੁ ਲਾਈਐ ॥ ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ, ਐਸਾ ਪਰਮਲੁ ਲਾਈਐ ॥ ਏਵ ਕਹਹਿ ਸੋਹਾਗਣੀ ਭੈਣੇ, ਇਨੀ ਬਾਤੀ ਸਹੁ ਪਾਈਐ ॥੩॥ ਆਪੁ ਗਵਾਈਐ ਤਾ ਸਹੁ ਪਾਈਐ, ਅਉਰੁ ਕੈਸੀ ਚਤੁਰਾਈ ॥ ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ, ਕਾਮਣਿ ਨਉ ਨਿਧਿ ਪਾਈ ॥ ਆਪਣੇ ਕੰਤ ਪਿਆਰੀ ਸਾ ਸੋਹਾਗਣਿ, ਨਾਨਕ ਸਾ ਸਭਰਾਈ ॥ ਐਸੇ ਰੰਗਿ ਰਾਤੀ ਸਹਜ ਕੀ ਮਾਤੀ, ਅਹਿਨਿਸਿ ਭਾਇ ਸਮਾਣੀ ॥ ਸੁੰਦਰਿ ਸਾਇ ਸਰੂਪ ਬਿਚਖਣਿ, ਕਹੀਐ ਸਾ ਸਿਆਣੀ ॥੪॥੨॥੪॥ ਹੇ ਅਨਜਾਣ ਜੀਵ ਇਸਤ੍ਰੀ! ਤੂੰ ਹੰਕਾਰ ਕਿਉਂ ਕਰਦੀ ਹੈਂ? ਪ੍ਰਭੂ ਤੇਰੇ ਅਪਣੇ ਹਿਰਦੇ ਘਰ ਵਿਚ ਹੀ ਹੈ (ਤੂੰ ਉਸ ਦੇ ਮਿਲਾਪ ਦਾ) ਅਨੰਦ ਕਿਉਂ ਨਹੀਂ ਮਾਣਦੀ? ਹੇ ਕਮਲੀ ਜੀਵ ਇਸਤ੍ਰੀਏ! ਪਤੀ ਪ੍ਰਭੂ ਨੇੜੇ (ਤੇਰੇ ਅੰਦਰ) ਹੀ ਹੈ, ਤੂੰ ਬਾਹਰ (ਹੋਰ ਥਾਂਵਾਂ ਤੇ) ਕੀ ਟੋਲਦੀ ਹੈਂ? (ਉਹ ਕਿਵੇਂ ਮਿਲਦਾ ਹੈ? ਅੱਗੇ ਦਸਦੇ ਹਨ, ਮਨ ਬੁੱਧੀ ਰੂਪ) ਅੱਖਾਂ ਵਿਚ ਰੱਬੀ ਭੈ ਦੇ ਸੁਰਮੇ ਦਾ ਸੁਰਮਚੂ ਦੇਹ (ਪਾ) ਅਤੇ ਪ੍ਰੇਮ ਦਾ ਸ਼ਿੰਗਾਰ ਕਰ। ਜੇ ਪਤੀ ਪ੍ਰਭੂ (ਤੇਰੇ ਨਾਲ) ਪ੍ਰੇਮ ਕਰੇ, ਤਾਂ ਹੀ ਤੂੰ ਪਤੀ ਪ੍ਰਭੂ ਨਾਲ ਜੁੜੀ ਸੁਹਾਗਣ ਜਾਣੀ ਜਾਏਂਗੀ।੧। ਇਆਣੀ ਜੁਆਨ ਜੀਵ ਇਸਤ੍ਰੀ ਕੀ ਕਰ ਸਕਦੀ ਹੈ? ਜੇ ਜੀਵ ਇਸਤ੍ਰੀ ਪਤੀ ਪ੍ਰਭੂ ਨੂੰ ਚੰਗੀ ਨਾ ਲੱਗੇ (ਜੇ ਇਸਤ੍ਰੀ ਪਤੀ ਦੀ ਪ੍ਰਸੰਨਤਾ ਪ੍ਰਾਪਤ ਨਾ ਸਕੀ ਹੋਵੇ। ਭਾਵੇਂ ਉਹ) ਬਥੇਰੇ ਤਰਲੇ ਤੇ ਰੋਣੇ ਕਰੇ, (ਪਰ) ਉਹ ਇਸਤ੍ਰੀ ਪਤੀ ਦਾ ਮਹਿਲ ਪ੍ਰਾਪਤ ਨਹੀਂ ਕਰ ਸਕਦੀ। ਜੇ ਉਹ ਬਹੁਤੀ ਨੱਠ ਭੱਜ (ਅਨੇਕਾਂ ਜਤਨ) ਵੀ ਕਰੇ, ਤਾਂ ਵੀ ਬਿਨਾਂ ਭਾਗਾਂ ਤੋਂ ਕੁਛ ਪ੍ਰਾਪਤ ਨਹੀਂ ਹੁੰਦਾ। (ਜੇ ਇਸਤ੍ਰੀ) ਲੋਭ ਲਾਲਚ ਤੇ ਹੰਕਾਰ ਦੀ ਮਸਤੀ ਕਰਕੇ ਮਾਇਆ ਵਿਚ ਲੀਨ ਹੋਈ ਪਈ ਹੈ। ਤਾਂ ਇਨ੍ਹਾਂ ਗੱਲਾਂ ਨਾਲ ਪਤੀ ਪ੍ਰਾਪਤ ਨਹੀਂ ਹੁੰਦਾ, ਇਸਤ੍ਰੀ ਅਣਜਾਣ ਹੋਈ ਰਹਿੰਦੀ ਹੈ।੨। (ਹੁਣ ਉਹ ਅਨਜਾਣ ਇਸਤ੍ਰੀ ਪੁੱਛਦੀ ਹੈ ਕਿ ਪਤੀ ਪ੍ਰਭੂ ਕਿਵੇਂ ਮਿਲ ਸਕਦਾ ਹੈ? ਉਤਰ। ਪਤੀ ਪ੍ਰਭੂ ਨੂੰ ਮਿਲੀਆਂ ਹੋਈਆਂ) ਉਨ੍ਹਾਂ ਗੁਰਮੁਖ ਸੁਹਾਗਣਾਂ ਨੂੰ ਜਾ ਕੇ ਪੁੱਛੋ, ਕਿ ਕਿਨ੍ਹਾਂ ਗੱਲਾਂ ਨਾਲ ਪਤੀ ਪ੍ਰਭੂ ਪਾਈਦਾ ਹੈ? (ਉਹ ਉਤਰ ਦੇਂਦੀਆਂ ਹਨ ਕਿ) ਜੋ ਕੁਛ ਪ੍ਰਭੂ ਕਰੇ, ਉਹ ਭਲਾ ਕਰ ਕੇ ਮੰਨ ਲਈਏ (ਭਾਣਾ ਮਿਠਾ ਕਰਕੇ ਮੰਨੀਏ) ਅਤੇ ਅਪਣੀਆਂ ਸਿਆਣਪਾਂ, ਚਤਰਾਈਆਂ ਤੇ ਧੱਕਾ ਕਰਨਾ ਛਡ ਦੇਈਏ। ਜਿਸ ਦੇ ਪ੍ਰੇਮ ਦੁਆਰਾ (ਨਾਮ ਜਾਂ ਮੁਕਤੀ) ਅਮੋਲਕ ਵਸਤੂ ਪਾਈਦੀ ਹੈ, ਉਸ ਦੇ ਚਰਨਾਂ ਵਿਚ ਮਨ ਜੋੜੀਏ। ਜੋ ਕੁਛ ਪਤੀ ਕਹੇ (ਹੁਕਮ ਕਰੇ), ਉਹ ਕਰੀਏ, ਤਨ ਮਨ ਉਸ ਦੇ ਅਰਪਨ ਕਰ ਦੇਈਏ, ਬਸ ਇਹੋ ਜਿਹੀ ਸੁਗੰਧੀ ਲਾ ਲਈਏ। ਇਸ ਤਰ੍ਹਾਂ ਕਹਿੰਦੀਆਂ ਹਨ ਉਹ ਸੁਹਾਗਣਾਂ ਕਿ ਹੇ (ਅਣਜਾਣ) ਭੈਣੇ! ਇਨ੍ਹਾਂ ਗੱਲਾਂ ਨਾਲ ਪਤੀ ਨੂੰ ਪਾਈਦਾ ਹੈ।੩। (ਹੇ ਅਣਜਾਣ ਇਸਤ੍ਰੀ!) ਆਪਾ ਭਾਵ ਗਵਾ ਦੇਈਏ ਤਾਂ ਪਤੀ ਪਾਈਦਾ ਹੈ, ਹੋਰ ਚਤਰਾਈ ਕਿਸ ਤਰ੍ਹਾਂ ਹੋ ਸਕਦੀ ਹੈ? (ਪਤੀ ਪ੍ਰਭੂ ਅੱਗੇ ਚਲਾਕੀ ਨਹੀਂ ਚਲ ਸਕਦੀ)। ਜਦੋਂ ਪਤੀ ਮੇਹਰ ਦੀ ਨਜਰ ਕਰਕੇ ਦੇਖੇ, ਉਹ ਦਿਨ ਲੇਖੇ ਵਿਚ (ਸਫਲ) ਸਮਝੋ, ਉਦੋਂ ਮਾਨੋਂ ਇਸਤ੍ਰੀ ਨੇ ਨੌਂ ਖਜਾਨੇ ਪਾ ਲਏ ਹਨ। ਜੋ ਅਪਣੇ ਪਤੀ ਨੂੰ ਪਿਆਰੀ ਲਗਦੀ ਹੈ, ਉਹ ਸੁਹਾਗਣ ਹੈ, ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹ ਸਭ ਦੀ ਪਟਰਾਣੀ ਹੈ; ਭਰਾਵਾਂ ਵਾਲੀ ਹੈ (ਇਸਤ੍ਰੀ ਨੂੰ ਸਹੁਰੇ ਘਰ ਵਿਚ ਪਤੀ ਦਾ ਮਾਣ ਹੈ ਤੇ ਪੇਕੇ ਘਰ ਵਿਚ ਭਰਾਵਾਂ ਵਾਲੀ ਹੋਣ ਦਾ ਮਾਣ ਹੁੰਦਾ ਹੈ)। ਇਸ ਤਰ੍ਹਾਂ ਜੋ (ਇਸਤ੍ਰੀ ਪਤੀ ਦੇ) ਪ੍ਰੇਮ ਰੰਗ ਵਿਚ ਰੰਗੀ ਰਹਿੰਦੀ ਹੈ, ਉਹ ਸਹਿਜ ਦੀ ਅਵਸਥਾ ਵਿਚ ਮਸਤ ਹੈ ਅਤੇ ਦਿਨ ਰਾਤ ਪ੍ਰੇਮ ਵਿਚ ਲੀਨ ਰਹਿੰਦੀ ਹੈ। ਉਹ ਹੀ ਸੁੰਦਰ ਹੈ, ਸੋਹਣੇ ਰੂਪ ਵਾਲੀ (ਸੁਨੱਖੀ) ਹੈ, ਤੀਖਣ ਬੁੱਧੀ ਵਾਲੀ ਹੈ ਅਤੇ ਉਹ ਅਸਲ ਸਿਆਣੀ ਕਹੀ ਜਾਂਦੀ ਹੈ।੪।੨।੪।

ਪਦਾਰਥ = ਇਆਨੜੀਏ–ਹੇ ਅਨਜਾਣ ਇਸਤ੍ਰੀਏ!। ਮਾਨੜਾ–ਹੰਕਾਰ। ਕਾਇ–ਕਿਉਂ। ਕਰੇਹਿ–ਕਰਦੀ ਹੈਂ। ਆਪਨੜੈ ਘਰਿ–ਅਪਣੇ

ਹਿਰਦੇ ਘਰ ਵਿਚ।ਰੰਗੋ–ਅਨੰਦ।ਕੀ ਨ–ਕਿਉਂ ਨਹੀਂ।ਮਾਣੇਹਿ–ਮਾਣਦੀ।ਸਹੁ–ਪਤੀ।ਧਨ ਕੰਮਲੀਏ–ਹੇ ਕਮਲੀ ਇਸਤ੍ਰੀਏ! ।ਢੂਢੇਹਿ–ਢੂੰਢਦੀ ਹੈਂ।ਭੈ ਕੀਆ–(ਪਤੀ ਪ੍ਰਭੂ ਦੇ) ਭੈ ਦੀਆਂ।ਦੇਹਿ–ਦੇ (ਪਾ ਲੈ)।ਸਲਾਈਆ–ਸਰਮਾ ਪਾਉਣ ਵਾਲੀਆਂ ਸਲਾਈਆਂ (ਸੁਰਮਚੂ)।ਭਾਵ ਕਾ–ਪ੍ਰੇਮ ਦਾ।ਤਾ–ਤਾਂ; ਤਦ।ਲਾਗੀ–ਲੱਗੀ (ਜੁੜੀ) ਹੋਈ।ਜਾ–ਜੇ।ਧਰੇ–ਕਰੇ।੧।ਇਆਣੀ–ਗਿਆਨ ਹੀਣ; ਅਨਜਾਣ।ਬਾਲੀ–ਜੁਆਨ ਇਸਤ੍ਰੀ।ਕਿਆ ਕਰੇ–ਕੀ ਕਰ ਸਕਦੀ ਹੈ? ਜਾ–ਜੇ।ਕੰਤ–ਪਤੀ।ਨ ਭਾਵੈ–ਚੰਗੀ ਨਾ ਲਗੇ।ਕਰਣ ਪਲਾਹ–ਤਰਲੇ ਤੇ ਹਾੜ੍ਹੇ; ਵਿਰਲਾਪ।ਬਹੁਤੇਰੇ–ਬਥੇਰੇ।ਸਾ ਧਨ–ਉਹ ਇਸਤ੍ਰੀ।ਮਹਲੁ–ਪ੍ਰਭੂ ਦਾ ਮਹਿਲ (ਟਿਕਾਣਾ)।ਵਿਣੁ ਕਰਮਾ–ਬਿਨਾ ਭਾਗਾਂ ਤੋਂ।ਬਹੁਤੇਰਾ–ਬਹੁਤ।ਧਾਵੈ–ਨੱਠ ਭੱਜ ਕਰੇ।ਕੀ–ਦੀ।ਮਾਤੀ–ਮਸਤੀ ਕਰਕੇ।ਮਾਹਿ–ਵਿਚ।ਸਮਾਣੀ–ਲੀਨ ਹੋਈ ਹੈ; ਖੁਭ ਗਈ; ਡੁਬ ਗਈ।ਇਨੀ ਬਾਤੀ–ਇਨ੍ਹਾਂ ਗੱਲਾਂ ਨਾਲ।ਭਈ–ਹੋਈ ਹੈ।ਕਾਮਣਿ–ਇਸਤ੍ਰੀ।੨।ਵਾਹੈ–ਉਨ੍ਹਾਂ ਨੂੰ।ਕਿਨੀ ਬਾਤੀ–ਕਿਨ੍ਹਾਂ ਗੱਲਾਂ ਨਾਲ।ਸੋ–ਉਹ।ਭਲਾ ਕਰਿ–ਭਲਾ ਕਰ ਕੇ।ਮਾਨੀਐ–ਮੰਨ ਲਈਏ।ਹਿਕਮਤਿ–ਚਲਾਕੀ।ਹੁਕਮੁ–ਧੱਕਾ; ਵਧੀਕੀ; (ਦੂਜਿਆਂ ਉਤੇ) ਹੁਕਮ ਕਰਨ ਵਾਲੀ ਆਦਤ।ਚੁਕਾਈਐ–ਛਡ ਦੇਈਏ।ਜਾ ਕੈ–ਜਿਸ ਦੇ।ਪ੍ਰੇਮਿ–ਪ੍ਰੇਮ ਦੁਆਰਾ।ਤਉ–ਉਸ ਦੇ।ਤਨੁ ਮਨੋ–ਸਰੀਰ ਤੇ ਮਨ।ਦੀਜੈ–ਅਰਪਨ ਕਰ ਦੇਈਏ।ਪਰਮਲੁ–ਸੁਗੰਧੀ।ਏਵ ਕਹਹਿ–ਇਸ ਤਰ੍ਹਾਂ ਕਹਿੰਦੀਆਂ ਹਨ।੩।ਆਪੁ–ਆਪਾ ਭਾਵ।ਅਉਰੁ–ਹੋਰ।ਨਦਰਿ ਕਰਿ–ਮੇਹਰ ਦੀ ਨਜਰ ਕਰਕੇ।ਲੇਖੈ–ਲੇਖੇ ਵਿਚ (ਸਫਲ)।ਕਾਮਣਿ–ਇਸਤ੍ਰੀ ਨੇ।ਨਉ ਨਿਧਿ–ਨੌਂ (ਦੁਨੀਆਂ ਦੇ ਸਾਰੇ) ਖਜਾਨੇ।ਪਾਈ–ਪਾ ਲਏ ਹਨ।ਸਾ–ਉਹ।ਸਭਰਾਈ–ਪਟਰਾਣੀ; ਭਰਾਵਾਂ ਵਾਲੀ।ਰੰਗਿ ਰਾਤੀ–ਪ੍ਰੇਮ ਰੰਗ ਵਿਚ ਰੰਗੀ ਹੋਈ।ਸਹਜ ਕੀ ਮਾਤੀ–ਸਹਿਜ ਦੀ ਅਵਸਥਾ ਵਿਚ ਮਸਤ ਹੈ।ਅਹਿ–ਦਿਨ।ਨਿਸਿ–ਰਾਤ।ਭਾਇ ਸਮਾਣੀ–ਪ੍ਰੇਮ ਵਿਚ ਲੀਨ ਹੈ।ਸੁੰਦਰਿ–ਸੁੰਦਰੀ (ਇਸਤ੍ਰੀ ਸੁੰਦਰ ਹੈ)।ਸਰੂਪ–ਸੋਹਣੇ ਰੂਪ ਵਾਲੀ ਹੈ।ਸਾਇ–ਉਹ ਹੀ।ਬਿਚਖਣਿ–ਤੀਖਣ ਬੁਧੀ (ਅਕਲ) ਵਾਲੀ।੪।੨।੪।

ਉਥਾਨਕਾ = ਗੁਰੂ ਨਾਨਕ ਦੇਵ ਜੀ ਸੈਦ ਪੁਰ (ਐਮਨਾਬਾਦ) ਆ ਕੇ ਸ਼ਹਿਰ ਤੋਂ ਬਾਹਰ ਬੈਠ ਗਏ, ਜਿਥੇ ਬੈਠੇ ਸਨ, ਹੁਣ ਇਸ ਸਥਾਨ ਦਾ ਨਾਉਂ ਰੋੜੀ ਸਾਹਿਬ ਹੈ।ਭਾਈ ਮਰਦਾਨੇ ਨੂੰ ਕਿਹਾ ਕਿ ਸ਼ਹਿਰ ਵਿਚੋਂ ਜਾ ਕੇ ਭੋਜਨ ਪਾਣੀ ਲੈ ਆਵੋ।ਜਦ ਮਰਦਾਨਾ ਸ਼ਹਿਰ ਵਿਚ ਇਕ ਪਠਾਣ ਦੇ ਘਰ ਗਿਆ, ਤਾਂ ਉਨ੍ਹਾਂ ਨੇ ਭੋਜਨ ਤਾਂ ਕੀ ਦੇਣਾ ਸੀ, ਸੱਗੋਂ ਮਰਦਾਨੇ ਦਾ ਅਪਮਾਨ ਕੀਤਾ।ਜਦ ਮਰਦਾਨੇ ਨੇ ਆ ਕੇ ਗੁਰੂ ਜੀ ਨੂੰ ਸਾਰਾ ਹਾਲ ਦਸਿਆ, ਤਾਂ ਗੁਰੂ ਜੀ ਭਾਈ ਮਰਦਾਨੇ ਦੇ ਸਮੇਤ ਭਾਈ ਲਾਲੋ ਦੇ ਘਰ ਚਲੇ ਗਏ ਅਤੇ ਉਥੇ ਹੀ ਲੰਗਰ ਛਕਿਆ।ਉਸ ਸਮੇਂ ਬਾਬਰ ਦੇ ਹੋਣ ਵਾਲੇ ਹਮਲੇ ਨੂੰ ਜਾਣ ਕੇ ਇਹ ਸ਼ਬਦ ਗੁਰੂ ਜੀ ਨੇ ਭਾਈ ਲਾਲੋ ਪ੍ਰਤੀ ਉਚਾਰਨ ਕੀਤਾ ਸੀ ।ਬਾਬਰ ਬਾਦਸ਼ਾਹ ਨੇ ੧੫੨੧ ਈ. ਵਿਚ ਐਮਨਾਬਦ ਉਤੇ ਹਮਲਾ ਕੀਤਾ ਸੀ।

ਤਿਲੰਗ ਮਹਲਾ ੧ ॥ ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ, ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦ ਵਾਣੀਆ, ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ ਸਾਹਿਬ ਕੇ ਗੁਣ ਨਾਨਕੁ ਗਾਵੈ, ਮਾਸ ਪੁਰੀ ਵਿਚਿ ਆਖੁ ਮਸੋਲਾ ॥ ਹੇ ਲਾਲੋ! ਮੈਨੂੰ ਜਿਹੋ ਜਿਹੀ ਖਸਮ ਦੀ ਬਾਣੀ (ਆਗਿਆ) ਆਉਂਦੀ ਹੈ, ਉਹੋ ਜਿਹਾ (ਮੈਂ ਤੈਨੂੰ) ਗਿਆਨ ਕਰਉਂਦਾ (ਉਪਦੇਸ਼ ਦੇ ਰਿਹਾ) ਹਾਂ।ਹੇ ਲਾਲੋ! ਬਾਬਰ ਨੇ ਪਾਪ ਜੁਲਮ ਦੀ ਜੰਞ (ਫੌਜ) ਲੈ ਕੇ ਕਾਬਲ ਤੋਂ (ਹਿੰਦ ਉਤੇ) ਧਾਵਾ ਕੀਤਾ ਹੈ ਅਤੇ ਜੋਰ ਨਾਲ (ਹਿੰਦ ਰੂਪ ਕੰਨਿਆ ਦਾ) ਦਾਨ ਮੰਗਦਾ ਹੈ (ਕਬਜਾ ਕਰਨਾ ਚਾਹੁੰਦਾ ਹੈ)।ਹੇ ਲਾਲੋ! ਸ਼ਰਮ ਤੇ ਧਰਮ ਦੋਵੇਂ ਲੁਕ ਖੜੋਤੇ ਹਨ ਅਤੇ ਕੂੜ ਪ੍ਰਧਾਨ ਬਣਿਆ ਫਿਰਦਾ ਹੈ।ਹੇ ਲਾਲੋ! ਕਾਜੀਆਂ ਅਤੇ ਬਾਹਮਣਾਂ ਦੀ ਗੱਲ (ਪੁੱਛ ਪ੍ਰਤੀਤ) ਮੁੱਕ ਗਈ ਹੈ, (ਉਨ੍ਹਾਂ ਦੀ ਥਾਂ) ਸ਼ੈਤਾਨ ਵਿਆਹ ਪੜ੍ਹਦਾ ਹੈ (ਐਮਨਾਬਾਦ ਦੀ ਲੁੱਟ ਵਿਚ ਸਤਵੰਤੀਆਂ ਦੇ ਧਰਮ ਧੱਕੇ ਨਾਲ ਨਸ਼ਟ ਕੀਤੇ ਜਾਣਗੇ)।ਹੇ ਲਾਲੋ! ਮੁਸਲਮਾਨ ਇਸਤ੍ਰੀਆਂ ਕੁਰਾਨ ਪੜ੍ਹਦੀਆਂ ਹਨ ਅਤੇ ਕਸ਼ਟ ਵਿਚ ਖੁਦਾ ਖੁਦਾ ਕਰਦੀਆਂ ਹਨ (ਇਸ ਬਿਪਤਾ ਦੇ ਸਮੇਂ ਰੱਬ ਅੱਗੇ ਰਹਿਮ ਦੀ ਦੁਆ ਕਰਦੀਆਂ ਹਨ।ਹੇ ਲਾਲੋ! ਹਿੰਦੂ ਇਸਤ੍ਰੀਆਂ ਅਤੇ ਹੋਰ ਉਚੀ ਨੀਵੀਂ ਜਾਤ ਦੀਆਂ ਜੋ ਇਸਤ੍ਰੀਆਂ, ਇਹ ਵੀ ਇਸੇ ਗਿਣਤੀ ਵਿਚ ਲਗ ਜਾਣਗੀਆਂ (ਮੁਸਲਮਾਨ ਇਸਤ੍ਰੀਆਂ ਦੇ ਸਮੇਤ ਹਿੰਦੂ ਇਸਤ੍ਰੀਆਂ ਤੇ ਉਸੇ ਤਰ੍ਹਾਂ ਦਾ ਜੁਲਮ ਹੋਵੇਗਾ)।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਲਾਲੋ! ਹੁਣ ਖੁਸ਼ੀ ਦੇ ਗੀਤਾਂ ਦੀ ਥਾਂ ਖੂਨ ਦੇ ਗੀਤ (ਵੈਣ) ਗਾਏ ਜਾਂਦੇ ਹਨ ਅਤੇ ਖੂਨ ਦਾ ਕੇਸਰ ਪੈ ਰਿਹਾ ਹੈ (ਕੇਸਰ ਦੀ ਥਾਂ ਲਹੂ ਛਿੜਕਿਆ ਜਾਵੇਗਾ ਭਾਵ ਸਭ ਦੇ ਕੱਪੜੇ

ਲਹੂ ਨਾਲ ਭਿੱਜ ਜਾਣਗੇ)।੧। ਨਾਨਕ ਮਾਲਕ (ਰੱਬ) ਦੇ ਗੁਣ ਗਾਉਂਦਾ ਹੈ ਅਤੇ ਲੋਥਾਂ ਭਰੀ ਨਗਰੀ ਵਿਚ ਇਹ ਗਲ ਬਾਤ ਆਖ ਰਿਹਾ ਹੈ।

ਅੰਗ ੭੨੩ = ਜਿਨਿ ਉਪਾਈ ਰੰਗਿ ਰਵਾਈ, ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਬਾਹਿਬੁ ਸਚੁ ਤਪਾਵਸੁ ,ਸਚੜਾ ਨਿਆਉ ਕਰੇਗੁ ਮਸੋਲਾ ॥ ਕਾਇਆ ਕਪੜੁ ਟੁਕੁ ਟੁਕੁ ਹੋਸੀ, ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ, ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥ ਜਿਸ ਪ੍ਰਭੂ ਨੇ ਇਹ ਦੁਨੀਆਂ ਪੈਦਾ ਕੀਤੀ ਹੈ, ਉਸ ਨੇ (ਦੁਨੀਆਂ ਮਾਇਕ ਭੋਗਾਂ ਦੇ) ਅਨੰਦ ਵਿਚ ਲਾਈ ਹੋਈ ਹੈ ਅਤੇ (ਉਹ ਪ੍ਰਭੂ ਇਹ ਖੇਲ) ਇਕੱਲਾ ਵੱਖਰਾ ਬੈਠਾ ਦੇਖਦਾ ਹੈ।ਉਹ ਮਾਲਕ ਪ੍ਰਭੂ ਸੱਚਾ ਹੈ, ਉਸ ਦਾ ਨਿਆਂ ਵੀ ਸੱਚਾ ਹੈ ਅਤੇ (ਅੱਗੇ ਨੂੰ ਵੀ) ਸੱਚੇ ਨਿਆਉਂ ਦਾ ਹੁਕਮ ਕਰੇਗਾ (ਸੈਦ ਪੁਰ ਦੀ ਬਰਬਾਦੀ ਰੱਬ ਦੇ ਹੁਕਮ ਵਿਚ ਹੀ ਹੋਣੀ ਹੈ, ਉਹ ਪਾਪੀ ਪਠਾਣਾਂ ਨੂੰ ਕੀਤੇ ਕਰਮਾਂ ਦਾ ਫਲ ਮਿਲੇਗਾ)।ਸਰੀਰ ਰੂਪ ਕੱਪੜਾ ਟੁਕੜੇ ਟੁਕੜੇ ਹੋਵੇਗਾ ਅਤੇ ਹਿੰਦੁਸਤਾਨ ਮੇਰੇ ਬੋਲਾਂ ਨੂੰ ਯਾਦ ਕਰੇਗਾ (ਕਿ ਗੁਰੂ ਦੇ ਕਹੇ ਭਵਿਖਤ ਬਚਨ ਸੱਚੇ ਸਨ)।ਮੁਗਲ ੧੫੭੮ ਸੰਮਤ ਵਿਚ ਆਉਣਗੇ ਅਤੇ ੧੫੯੭ ਸੰਮਤ ਵਿਚ ਚਲੇ ਜਾਣਗੇ, (ਜਦੋਂ ਇਕ) ਹੋਰ ਮਰਦ ਦਾ ਚੇਲਾ (ਸੂਰਮਾ) ਉਠੇਗਾ।ਨਾਨਕ ਸੱਚ ਦੀ ਬਾਣੀ (ਬਚਨ) ਆਖਦਾ ਹਾਂ, ਸੱਚ ਹੀ ਸੁਣਾਵਾਂਗਾ, (ਕਿਉਂਕਿ) ਸਚ ਸੁਣਾਉਣ ਦਾ ਇਹ ਵੇਲਾ ਹੈ (ਪਿਛੋਂ ਜਦ ਬਾਬਰ ਚਲਾ ਜਾਵੇਗਾ ਤਾਂ ਇਹ ਗੱਲਾਂ ਕਹਿਣ ਦਾ ਕੀ ਲਾਭ?)।੨।੨।

ਆਵਨਿ ਅਠਤਰੈ = ਇਥੇ ਬਾਬਰ ਦੇ ੧੫੭੮ ਸੰ. ਐਮਨਾਬਾਦ ਵਿਚ ਆਉਣ ਤੇ ੧੫੯੭ ਸੰ. ਵਿਚ ਹਮਾਯੂੰ ਦੇ ਨੱਠ ਜਾਣ ਵੱਲ ਇਸ਼ਾਰਾ ਹੈ।ਮਰਦ ਦਾ ਚੇਲਾ ਸ਼ੇਰ ਸ਼ਾਹ ਸੂਰੀ ਹੈ, ਜਿਸ ਨੇ ਹਮਾਯੂੰ ਨੂੰ ਭਜਾ ਕੇ ਅਪਣਾ ਰਾਜ ਕਾਇਮ ਕੀਤਾ ਸੀ।

ਪਦਾਰਥ = ਜੈਸੀ–ਜਿਹੋ ਜਿਹੀ।ਮੈ–ਮੈਨੂੰ।ਖਸਮ ਕੀ–ਮਾਲਕ ਪ੍ਰਭੂ ਦੀ।ਬਾਣੀ–ਆਗਿਆ; ਹੁਕਮ।ਤੈਸੜਾ–ਉਹੋ ਜਿਹਾ।ਕਰੀ–ਮੈਂ ਕਰਾਉਂਦਾ ਹਾਂ।ਵੇ ਲਾਲੋ–ਹੇ ਲਾਲੋ!।ਜੰਞ–ਬਰਾਤ (ਫੌਜ)।ਕਾਬਲਹੁ–ਕਾਬਲ ਤੋਂ।ਧਾਇਆ–ਹਮਲਾ ਕੀਤਾ ਹੈ।ਜੋਰੀ–ਜੋਰ (ਧੱਕੇ) ਨਾਲ।ਸਰਮ–ਸ਼ਰਮ (ਲੱਜਿਆ)।ਦੁਇ–ਦੋਵੇਂ।ਪਰਧਾਨੁ–ਮੁਖੀ; ਚੌਧਰੀ।ਬਾਮਣਾ ਕੀ–ਬਾਹਮਣਾਂ ਦੀ।ਥਕੀ–ਮੁੱਕ ਗਈ।ਅਗਦੁ–ਵਿਆਹ।ਮੁਸਲਮਾਨੀਆ–ਮੁਸਲਮਾਨ ਇਸਤ੍ਰੀਆਂ।ਕਤੇਬਾ–ਕੁਰਾਨ ਆਦਿ ਕਿਤਾਬਾਂ।ਕਸਟ ਮਹਿ–ਦੁਖ ਵਿਚ।ਕਰਹਿ ਖੁਦਾਇ–ਖੁਦਾ ਖੁਦਾ ਕਰਦੀਆਂ ਹਨ।ਸਨਾਤੀ–ਨੀਵੀਂ ਜਾਤ।ਹਿਦਵਾਣੀਆ–ਹਿੰਦੂ ਇਸਤ੍ਰੀਆਂ।ਲੇਖੈ ਲਾਇ–(ਉਸੇ ਜੁਲਮ ਦੀ) ਗਿਣਤੀ ਵਿਚ ਲਗ ਜਾਣਗੀਆਂ।ਖੂਨ ਕੇ ਸੋਹਿਲੇ–ਖੂਨੀ ਗੀਤ (ਵੈਣ; ਕੀਰਨੇ)।ਗਾਵੀਅਹਿ–ਗਾਏ ਜਾਂਦੇ ਹਨ।ਰਤੁ–ਖੂਨ।ਕੁੰਗੂ–ਕੇਸਰ।੧।ਮਾਸ ਪੁਰੀ–ਲੋਥਾਂ ਦੀ ਨਗਰੀ (ਸੈਦ ਪੁਰ ਨੂੰ ਬਾਬਰ ਦੀ ਫੌਜ ਨੇ ਲੋਥਾਂ ਦੀ ਨਗਰੀ ਬਣਾ ਦੇਣਾ ਹੈ)।ਆਖੁ–ਆਖ ਰਿਹਾ ਹੈ।ਮਸੋਲਾ–ਗੱਲ ਬਾਤ; ਮਸਲਾ; ਹੁਕਮ; ਸ਼ਰ੍ਹਾ ਦਾ ਵਾਕ।ਜਿਨਿ–ਜਿਸ ਨੇ।ਉਪਾਈ–ਪੈਦਾ ਕੀਤੀ।ਰੰਗਿ ਰਵਾਈ–(ਮਾਇਕ ਭੋਗਾਂ ਦੇ) ਅਨੰਦ ਵਿਚ ਲਾਈ ਹੈ।ਵਖਿ–ਵੱਖਰਾ (ਨਿਰਲੇਪ) ਹੋ ਕੇ।ਇਕੇਲਾ–ਇਕੱਲਾ (ਇਕਾਂਤ ਵਿਚ)।ਸਾਹਿਬੁ–ਮਾਲਕ ਪ੍ਰਭੂ।ਤਪਾਵਸੁ–ਨਿਆਉਂ।ਕਰੇਗੁ–ਕਰੇਗਾ।ਕਾਇਆ ਕਪੜੁ–ਸਰੀਰ ਰੂਪ ਕੱਪੜਾ।ਟੁਕੁ ਟੁਕੁ–ਟੁਕੜੇ ਟੁਕੜੇ।ਸਮਾਲਸੀ–ਯਾਦ ਕਰੇਗਾ।ਬੋਲਾ–ਬੋਲ (ਬਚਨ)। ਆਵਨਿ–ਆਉਣਗੇ।ਅਠਤਰੈ (ਅਠੱਤਰੈ ਬੋਲੋ)–ਅਠੱਤਰ ਵਿਚ।ਜਾਨਿ–ਚਲੇ ਜਾਣਗੇ।ਸਤਾਨਵੈ–ਸਤਾਨਵੇਂ ਵਿਚ।ਉਠਸੀ–ਉਠੇਗਾ ।ਮਰਦ ਕਾ ਚੇਲਾ–(ਮਰਦ ਦਾ ਬੱਚਾ) ਸੂਰਮਾ।ਬਾਣੀ–ਬਚਨ।ਆਖੈ–ਆਖਦਾ ਹੈ।ਸੁਣਾਇਸੀ–ਸੁਣਾਵੇਗਾ।ਬੇਲਾ–ਵੇਲਾ।੨।੨।

ਵਿਆਖਿਆ = ਵਿਆਹ ਸਮੇਂ ਮੁੰਡੇ ਵਾਲੇ ਲੜਕੀ ਵਾਲੇ ਦੇ ਘਰ ਜੰਞ ਲੈ ਕੇ ਆਉਂਦੇ ਹਨ।ਖੁਸ਼ੀ ਦੇ ਗੀਤ ਗਾਏ ਜਾਂਦੇ ਹਨ, ਹਿੰਦੂਆਂ ਦਾ ਵਿਆਹ ਬ੍ਰਾਹਮਣ ਤੇ ਮੁਸਲਮਾਨਾਂ ਦਾ ਵਿਆਹ ਕਾਜੀ ਪੜ੍ਹਾਉਂਦਾ ਹੈ।ਹਿੰਦੂ ਕੰਨਿਆ ਦਾਨ ਕਰਦੇ ਹਨ, ਉਸ ਸੁਹਾਵਣੇ ਸਮੇਂ ਜਾਂਞੀਆਂ ਉਤੇ ਕੇਸਰ ਛਿੜਕਿਆ ਜਾਂਦਾ ਹੈ।ਵਿਆਹ ਦਾ ਇਹ ਦ੍ਰਿਸ਼ਟਾਂਤ ਦੇ ਕੇ ਗੁਰੂ ਨਾਨਕ ਦੇਵ ਜੀ ਇਸ ਸ਼ਬਦ ਰਾਹੀਂ ਦਸਦੇ ਹਨ ਕਿ ਬਾਬਰ ਕਾਬਲ ਤੋਂ ਫੌਜ ਲੈ ਚੜ੍ਹਿਆ ਹੈ, ਮਾਨੋ ਪਾਪ ਜੁਲਮ ਦੀ ਜੰਞ ਲੈ ਕੇ ਹਿੰਦੋਸਤਾਨ ਦੀ ਹਕੂਮਤ ਰੂਪ ਲਾੜੀ ਨੂੰ ਵਿਆਹੁਣ ਆਇਆ ਹੈ।ਬਾਬਰ ਦੇ ਫੌਜੀਆਂ ਨੇ ਸੈਦ ਪੁਰ (ਐਮਨਾਬਾਦ) ਦੀਆਂ ਇਸਤ੍ਰੀਆਂ ਦੀ ਬਹੁਤ ਬੇਪਤੀ ਕੀਤੀ, ਇਹ ਮਾਨੋ ਕਾਜੀ ਤੇ ਬ੍ਰਾਹਮਣ ਦੇ ਥਾਂ ਸ਼ੈਤਾਨ ਵਿਆਹ ਪੜ੍ਹਾ ਰਿਹਾ ਸੀ।ਕਤਲਾਮ ਨਾਲ ਸ਼ਹਿਰ ਦੀਆਂ ਗਲੀਆਂ ਬਜਾਰਾਂ ਵਿਚ ਲਹੂ ਵਗ ਰਿਹਾ ਸੀ, ਇਹ ਮਾਨੋ ਉਹ ਖੂਨੀ ਵਿਆਹ ਵਿਚ ਕੇਸਰ ਛਿੜਕਿਆ ਜਾ ਰਿਹਾ ਸੀ।ਵਿਆਹਾਂ ਦੇ ਸਮੇਂ ਖੁਸ਼ੀ ਦੇ ਸੋਹਲਿਆਂ ਦੀ ਥਾਂ ਖੂਨ ਦੇ ਸੋਹਲੇ ਗਾਏ ਜਾ ਰਹੇ ਸਨ, ਹਰ ਪਾਸੇ ਮੌਤ ਦੇ ਕਾਰਣ ਵੈਣ ਹੀ ਵੈਣ ਪੈ ਰਹੇ ਸਨ। **(ਦਰਪਣ ਵਿਚੋਂ)।**

ਤਿਲੰਗ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥ ਸਭਿ ਆਏ ਹੁਕਮਿ ਖਸਮਾਹੁ ,ਹੁਕਮਿ ਸਭ ਵਰਤਨੀ ॥ ਸਚੁ ਸਾਹਿਬੁ

ਸਾਚਾ ਖੇਲੁ ,ਸਭੁ ਹਰਿ ਧਨੀ ॥੧॥ ਸਾਲਾਹਿਹੁ ਸਚੁ ,ਸਭ ਊਪਰਿ ਹਰਿ ਧਨੀ ॥ ਜਿਸੁ ਨਾਹੀ ਕੋਇ ਸਰੀਕੁ ,ਕਿਸੁ ਲੇਖੈ ਹਉ ਗਨੀ ॥ ਰਹਾਉ॥ ਪਉਣ ਪਾਣੀ ਧਰਤੀ ਆਕਾਸੁ ,ਘਰ ਮੰਦਰ ਹਰਿ ਬਨੀ ॥ ਵਿਚਿ ਵਰਤੈ ਨਾਨਕ ਆਪਿ, ਝੂਠੁ ਕਹੁ ਕਿਆ ਗਨੀ ॥੨॥੧॥ (ਹੇ ਭਾਈ!) ਸਾਰੇ ਜੀਵ ਮਾਲਕ ਪ੍ਰਭੂ ਤੋਂ (ਉਸ ਦੇ) ਹੁਕਮ ਨਾਲ (ਜਗਤ ਵਿਚ) ਆਏ ਹਨ ਅਤੇ ਸਾਰੇ (ਜੀਵ ਉਸ ਦੇ) ਹੁਕਮ ਵਿਚ ਵਰਤ (ਕੰਮ ਕਰ) ਰਹੇ ਹਨ।ਮਾਲਕ ਪ੍ਰਭੂ ਸੱਚਾ ਹੈ, (ਉਸ ਦਾ ਰਚਿਆ ਜਗਤ ਰੂਪ) ਖੇਲ ਵੀ ਸੱਚਾ ਹੈ, ਸਾਰਾ ਜਗਤ ਮਾਲਕ ਪ੍ਰਭੂ ਦਾ ਹੀ ਰੂਪ ਹੈ; ਮਾਲਕ ਪ੍ਰਭੂ ਸਭ ਜਗ੍ਹਾ ਵਿਆਪਕ ਹੈ।੧।(ਹੇ ਭਾਈ! ਸਾਰੇ) ਸੱਚੇ ਮਾਲਕ ਪ੍ਰਭੂ ਨੂੰ ਸਲਾਹੁੰਦੇ ਰਿਹਾ ਕਰੋ, (ਕਿਉਂਕਿ) ਹਰੀ ਮਾਲਕ ਸਭ ਦੇ ਉਪਰ ਹੈ।ਜਿਸ ਦੀ ਬਰਾਬਰੀ ਕਰਨ ਵਾਲਾ ਕੋਈ ਨਹੀਂ, (ਉਸ ਦੇ ਬਰਾਬਰ ਦੇ) ਲੇਖੇ ਵਿਚ ਮੈਂ ਕਿਸ ਨੂੰ ਗਿਣਾਂ; (ਕਿਉਂਕਿ ਉਸ ਦੇ ਵਰਗਾ ਕੋਈ ਹੈ ਹੀ ਨਹੀਂ)।ਰਹਾਉ।(ਹੇ ਭਾਈ!) ਪੌਣ, ਪਾਣੀ, ਧਰਤੀ ਤੇ ਅਕਾਸ਼, (ਇਹ ਸਾਰੇ) ਹਰੀ ਦੇ ਵਸਣ ਲਈ ਘਰ ਮੰਦਰ ਬਣੇ ਹੋਏ ਹਨ; ਹਵਾ, ਪਾਣੀ, ਧਰਤੀ, ਅਕਾਸ਼ ਤੇ ਘਰ ਮਕਾਨ ਆਦਿ ਸਾਰੀ ਦੁਨੀਆਂ ਹਰੀ ਦੀ ਬਣਾਈ ਬਣੀ ਹੋਈ ਹੈ (ਸੰ.ਸ.; ਫ.ਸ.)।ਨਾਨਕ ਗੁਰੂ ਜੀ ਆਖਦੇ ਹਨ (ਕਿ ਇਨ੍ਹਾਂ) ਸਾਰਿਆਂ ਵਿਚ ਪ੍ਰਭੂ ਆਪ ਵਰਤ ਰਿਹਾ ਹੈ (ਵਿਆਪਕ ਹੈ, ਤਾਂ) ਦੱਸੋ, ਝੂਠਾ ਕਿਸ ਨੂੰ ਮੈਂ ਗਿਣਾਂ?।੨।੧। ਆਪਿ ਸਤਿ ਕੀਆ ਸਭੁ ਸਤਿ।ਤਿਸੁ ਪ੍ਰਭ ਤੇ ਸਗਲੀ ਉਤਪਤਿ। (੨੯੪)

ਪਦਾਰਥ = ਸਭਿ–ਸਾਰੇ (ਜੀਵ)।ਆਏ–(ਜਗਤ ਵਿਚ) ਆਏ (ਪੈਦਾ ਹੋਏ) ਹਨ।ਹੁਕਮਿ–ਹੁਕਮ ਨਾਲ।ਖਸਮਾਹੁ–ਮਾਲਕ ਪ੍ਰਭੂ ਤੋਂ।ਹੁਕਮਿ–ਹੁਕਮ ਵਿਚ।ਵਰਤਨੀ–ਵਰਤ (ਕੰਮ ਕਰ) ਰਹੇ ਹਨ।ਖੇਲੁ–(ਜਗਤ ਰੂਪ) ਤਮਾਸ਼ਾ।ਧਨੀ–ਮਾਲਕ ਪ੍ਰਭੂ।੧। ਸਾਲਾਹਿਹੁ–ਸਿਫਤ ਸਲਾਹ ਕਰਦੇ ਰਿਹਾ ਕਰੋ।ਜਿਸੁ–ਜਿਸ ਦੀ।ਸਰੀਕੁ–ਬਰਾਬਰੀ ਕਰਨ ਵਾਲਾ।ਲੇਖੈ–ਗਿਣਤੀ ਵਿਚ।ਹਉ–ਮੈਂ। ਗਨੀ–ਗਿਣਾਂ।ਰਹਾਉ।ਪਉਣ–ਹਵਾ।ਵਰਤੈ–ਵਰਤ ਰਿਹਾ (ਵਿਆਪਕ) ਹੈ।ਬਨੀ–ਬਣੇ ਹੋਏ ਹਨ।ਕਹੁ–ਕਹੋ।ਕਿਆ–ਕਿਸ ਨੂੰ।੨ ।੧।

ਤਿਲੰਗ ਮਹਲਾ ੪ ॥ ਨਿਤ ਨਿਹਫਲ ਕਰਮ ਕਮਾਇ, ਬਫਾਵੈ ਦੁਰਮਤੀਆ ॥ ਜਬ ਆਣੈ ਵਲਵੰਚ ਕਰਿ ਝੂਠੁ ,ਤਬ ਜਾਣੈ ਜਗੁ ਜਿਤੀਆ ॥੧॥ ਐਸਾ ਬਾਜੀ ਸੈਸਾਰੁ ,ਨ ਚੇਤੈ ਹਰਿ ਨਾਮਾ ॥ ਖਿਨ ਮਹਿ ਬਿਨਸੈ ਸਭੁ ਝੂਠੁ ,ਮੇਰੇ ਮਨ ਧਿਆਇ ਰਾਮਾ ॥ਰਹਾਉ॥ ਸਾ ਵੇਲਾ ਚਿਤਿ ਨ ਆਵੈ, ਜਿਤੁ ਆਇ ਕੰਟਕੁ ਕਾਲੁ ਗ੍ਰਸੈ ॥ ਤਿਸੁ ਨਾਨਕ ਲਏ ਛਡਾਇ, ਜਿਸੁ ਕਿਰਪਾ ਕਰਿ ਹਿਰਦੈ ਵਸੈ ॥੨॥੨॥ (ਹੇ ਭਾਈ!) ਖੋਟੀ ਮੱਤ ਵਾਲਾ ਮਨੁੱਖ ਹਰ ਰੋਜ ਨਿਕੰਮੇ ਕੰਮ ਕਰਦਾ ਹੈ ਅਤੇ ਹੰਕਾਰ ਕਰਦਾ ਹੈ; ਹੰਕਾਰ ਵਿਚ ਸ਼ੇਖੀਆਂ ਮਾਰਦਾ ਹੈ ।ਜਦੋਂ ਝੂਠ ਅਤੇ ਛਲ ਫਰੇਬ ਕਰਕੇ ਕੁਝ (ਮਾਲ ਧਨ) ਲਿਆਉਂਦਾ ਹੈ, ਤਦ ਸਮਝਦਾ ਹੈ ਕਿ ਮੈਂ ਜਗਤ ਨੂੰ ਜਿਤ ਲਿਆ ਹੈ।੧।(ਹੇ ਭਾਈ!) ਸੰਸਾਰ ਇਹੋ ਜਿਹੀ ਖੇਡ ਹੈ (ਕਿ ਮਨੁੱਖ ਝੂਠ ਫਰੇਬ ਵਿਚ ਫਸਿਆ ਹੋਇਆ) ਹਰੀ ਦੇ ਨਾਮ ਨੂੰ ਯਾਦ ਨਹੀਂ ਕਰਦਾ।(ਜਗਤ ਦਾ ਇਹ ਖੇਲ) ਸਭ ਝੂਠ ਹੈ, ਇਕ ਖਿਨ ਵਿਚ ਨਾਸ਼ ਹੋ ਜਾਏਗਾ, (ਇਸ ਕਰਕੇ) ਹੇ ਮੇਰੇ ਮਨ! ਤੂੰ ਪ੍ਰਮਾਤਮਾ ਦਾ ਨਾਮ ਸਿਮਰਿਆ ਕਰ।ਰਹਾਉ।(ਹੇ ਭਾਈ! ਖੋਟੀ ਮੱਤ ਵਾਲੇ ਮਨੁੱਖ ਨੂੰ) ਉਹ ਸਮਾਂ ਯਾਦ ਨਹੀਂ ਆਉਂਦਾ, ਜਿਸ ਵੇਲੇ ਦੁਖਦਾਈ ਮੌਤ ਆ ਕੇ (ਇਸ ਨੂੰ) ਗ੍ਰਸ ਲੈਂਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਪ੍ਰਭੂ) ਕ੍ਰਿਪਾ ਕਰਕੇ ਜਿਸ ਮਨੁੱਖ ਦੇ ਹਿਰਦੇ ਵਿਚ ਵਸ ਜਾਂਦਾ ਹੈ, ਉਸ ਨੂੰ (ਪ੍ਰਭੂ ਇਸ ਦੁਖਦਾਈ ਮੌਤ ਤੋਂ) ਛੁਡਾ ਲੈਂਦਾ ਹੈ।੨।੨।

ਪਦਾਰਥ = ਨਿਤ–ਹਰ ਰੋਜ; ਸਦਾ।ਨਿਹਫਲ–ਨਿਕੰਮੇ; ਨਿਸਫਲ।ਕਰਮ ਕਮਾਇ–ਕੰਮ ਕਰਦਾ ਹੈ।ਬਫਾਵੈ–ਹੰਕਾਰ ਕਰਦਾ ਹੈ; ਹੰਕਾਰ ਵਿਚ ਫੁਲਦਾ ਹੈ; ਸ਼ੇਖੀਆਂ ਮਾਰਦਾ ਹੈ।ਦੁਰਮਤੀਆ–ਖੋਟੀ ਮੱਤ ਵਾਲਾ ਮਨੁੱਖ।ਜਬ–ਜਦ।ਆਣੈ–ਲਿਆਉਂਦਾ ਹੈ।ਵਲਵੰਚ ਕਰਿ–ਛਲ ਫਰੇਬ ਕਰਕੇ।ਤਬ–ਤਦ।ਜਾਣੈ–ਸਮਝਦਾ ਹੈ।ਜਗੁ ਜਿਤੀਆ–ਜਗਤ ਨੂੰ ਜਿੱਤ ਲਿਆ।੧।ਬਾਜੀ ਸੈਸਾਰੁ–ਸੰਸਾਰ ਖੇਡ ਹੈ।ਨ ਚੇਤੈ–ਯਾਦ ਨਹੀਂ ਕਰਦਾ।ਖਿਨ ਮਹਿ–ਇਕ ਪਲ ਵਿਚ।ਬਿਨਸੈ–ਨਾਸ਼ ਹੋ ਜਾਵੇਗਾ।ਮਨ–ਹੇ ਮਨ!।ਰਾਮਾ–ਸਰਬ ਵਿਆਪਕ ਪ੍ਰਮਾਤਮਾ ਨੂੰ।ਰਹਾਉ।ਸਾ ਵੇਲਾ–ਉਹ ਸਮਾਂ।ਚਿਤਿ–ਚਿਤ ਵਿਚ; ਯਾਦ।ਜਿਤੁ–ਜਿਸ ਸਮੇਂ।ਆਇ–ਆ ਕੇ।ਕੰਟਕੁ ਕਾਲੁ–ਦੁਖਦਾਈ ਮੌਤ।ਗ੍ਰਸੈ–ਫੜ ਲੈਂਦੀ ਹੈ।ਤਿਸੁ–ਉਸ ਨੂੰ।ਜਿਸੁ ਹਿਰਦੈ–ਜਿਸ ਦੇ ਹਿਰਦੇ ਵਿਚ।੨।੨।

ਉਥਾਨਕਾ = ਜਦ ਗੁਰੂ ਅਰਜਨ ਦੇਵ ਜੀ ਦੇ ਵਿਰੋਧੀਆਂ ਨੇ ਅਕਬਰ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ ਸੀ ਕਿ ਗੁਰੂ ਸਾਹਿਬ ਨੇ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਤਿਆਰ ਕਰਾਇਆ ਹੈ, ਉਸ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੇ ਧਰਮਾਂ ਉਪਰ ਹਮਲੇ ਕੀਤੇ ਹੋਏ ਹਨ।ਉਸ ਵੇਲੇ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਸੁਨੇਹਾ ਭੇਜ ਕੇ ਇਸ ਬਾਰੇ ਜਾਨਣਾ ਚਾਹਿਆ।ਗੁਰੂ ਜੀ ਨੇ ਪੰਜ ਸਿੱਖਾਂ ਨੂੰ ਕਿਹਾ ਕਿ ਗੁਰੂ ਗ੍ਰੰਥ

ਸਾਹਿਬ ਜੀ ਦਾ ਪਾਠ ਸੁਣਾ ਕੇ ਬਾਦਸ਼ਾਹ ਦੀ ਤਸੱਲੀ ਕਰਾਈ ਜਾਵੇ। ਪੰਜ ਸਿੱਖ ਸਨਮਾਨ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲੈ ਕੇ ਲਹੌਰ ਗਏ ਅਤੇ ਉਸ ਵਕਤ ਇਸ ਸ਼ਬਦ ਦਾ ਮੁਖਵਾਕ ਸੁਣਾ ਕੇ ਬਾਦਸ਼ਾਹ ਦੀ ਤਸੱਲੀ ਕਰਾਈ ਸੀ।

ਤਿਲੰਗ ਮਹਲਾ ੫ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਖਾਕ ਨੂਰ ਕਰਦੰ, ਆਲਮ ਦੁਨੀਆਇ ॥ ਅਸਮਾਨ ਜਿਮੀ ਦਰਖਤ ਆਬ, ਪੈਦਾਇਸਿ ਖੁਦਾਇ ॥੧॥ ਬੰਦੇ ਚਸਮ ਦੀਦੰ ਫਨਾਇ ॥ ਦੁਨੀਆ ਮੁਰਦਾਰ ਖੁਰਦਨੀ, ਗਾਫਲ ਹਵਾਇ ॥ਰਹਾਉ॥ ਗੈਬਾਨ ਹੈਵਾਨ ਹਰਾਮ ਕੁਸਤਨੀ, ਮੁਰਦਾਰ ਬਖੋਰਾਇ ॥ ਦਿਲ ਕਬਜ ਕਬਜਾ, ਕਾਦਰੋ ਦੋਜਕ ਸਜਾਇ ॥੨॥ ਵਲੀ ਨਿਆਮਤਿ ਬਿਰਾਦਰਾ, ਦਰਬਾਰ ਮਿਲਕ ਖਾਨਾਇ ॥ ਜਬ ਅਜਰਾਈਲੁ ਬਸਤਨੀ, ਤਬ ਚਿ ਕਾਰੇ ਬਿਦਾਇ ॥੩॥ ਹਵਾਲ ਮਾਲੂਮੁ ਕਰਦੰ, ਪਾਕ ਅਲਾਹ ॥ ਬੁਗੋ ਨਾਨਕ ਆਰਦਾਸਿ, ਪੇਸਿ ਦਰਵੇਸ ਬੰਦਾਹ ॥੪॥੧॥ (ਹੇ ਭਾਈ! ਇਸ) ਦੁਨੀਆਂ ਦਾ ਆਲਮ (ਸਾਰਾ ਬ੍ਰਹਮੰਡ), ਆਤਮਾ ਤੇ ਮਿੱਟੀ (ਪ੍ਰਭੂ ਨੇ) ਬਣਾਏ ਹਨ; ਇਹ ਦੁਨੀਆਂ ਤੇ ਪ੍ਰਲੋਕ ਸਭ ਰੱਬ ਦੀ ਜੋਤ ਦੇ ਪੈਦਾ ਕੀਤੇ ਹੋਏ ਹਨ। ਅਸਮਾਨ, ਜਮੀਨ, ਦਰੱਖਤ ਤੇ ਪਾਣੀ ਸਭ ਰੱਬ ਦੀ ਰਚਨਾ ਹਨ।੧। ਹੇ ਮਨੁੱਖ! ਜੋ ਕੁਝ ਅੱਖਾਂ ਨਾਲ ਦਿਸਦਾ ਹੈ, ਸਭ ਨਾਸ਼ਵੰਤ ਹੈ। ਦੁਨੀਆਂ ਹਰਾਮ ਖਾਣ ਵਾਲੀ ਹੈ ਅਤੇ ਲਾਲਚ ਕਰਕੇ (ਦੁਨੀਆਂ ਰੱਬ ਤੋਂ) ਭੁੱਲੀ ਹੋਈ ਹੈ। ਰਹਾਉ। (ਹੇ ਭਾਈ! ਰੱਬ ਨੂੰ ਭੁਲਾ ਕੇ ਮਨੁੱਖ) ਭੂਤਾਂ ਪ੍ਰੇਤਾਂ ਤੇ ਪਸ਼ੂਆਂ ਵਰਗਾ ਹੋ ਗਿਆ ਹੈ ਅਤੇ ਹਰਾਮ ਦੀ ਚੀਜ ਮਾਰ (ਅਧਰਮ ਦਾ ਪੈਸਾ ਕਮਾ) ਕੇ ਹਰਾਮ ਖਾਂਦਾ ਹੈ (ਪਰਾਇਆ ਹੱਕ ਰੂਪ ਮੁਰਦਾਰ ਖਾਂਦਾ ਹੈ। ਇਸ ਦੇ) ਦਿਲ ਉਤੇ ਮਾਇਆ ਨੇ ਕਬਜਾ ਕਰ ਲਿਆ ਹੈ, (ਜਿਸ ਕਰਕੇ ਇਸ ਨੂੰ) ਰੱਬ ਨਰਕਾਂ ਦੀ ਸਜਾ ਦੇਂਦਾ ਹੈ; (ਹੇ ਮਨੁੱਖ! ਅਪਣੇ) ਮਨ ਨੂੰ ਵਸ ਕਰ, ਨਹੀਂ ਤਾਂ ਹਰੀ ਫੜ ਕੇ ਨਰਕਾਂ ਵਿਚ ਸਜਾ ਦੇਵੇਗਾ (ਸ਼ਬਦਾਰਥ)।੨। (ਹੇ ਭਾਈ!) ਦਾਤਾਂ ਦੇਣ ਵਾਲਾ ਮਾਲਕ (ਪਿਤਾ), ਭਰਾ, ਦਰਬਾਰ, ਜਾਇਦਾਤ ਅਤੇ ਘਰ (ਆਦਿ ਸਭ ਤੇਰੇ ਜਗਤ ਤੋਂ) ਬਿਦਾ ਹੋਣ ਵੇਲੇ ਤਦ ਕਿਸ ਕੰਮ ਆਉਣਗੇ; ਦਸ, ਤਦੋਂ (ਇਹ ਸਭ ਮਾਲ ਮਿਲਖ ਤੇਰੇ) ਕੀ ਕੰਮ ਆਉਣਗੇ? ਜਦ ਮੌਤ ਦਾ ਫਰਿਸ਼ਤਾ ਤੈਨੂੰ ਆ ਕੇ ਬੰਨ੍ਹ ਲਵੇਗਾ।੩। (ਹੇ ਭਾਈ! ਜੋ ਤੂੰ ਕਰਮ) ਕਰਦਾ ਹੈਂ, ਪਵਿਤ੍ਰ ਹਰੀ ਤੇਰੇ ਸਾਰੇ ਹਾਲ ਜਾਣਦਾ ਹੈ; ਹਾਲ ਮਾਲੂਮ ਕਰਦਾ ਹੈ (ਤੇਰਾ ਕੋਈ ਕਰਮ ਉਸ ਤੋਂ ਲੁਕਿਆ ਹੋਇਆ ਨਹੀਂ। ਤਦ ਬੰਦਾ ਗੁਰੂ ਦੀ ਸ਼ਰਣ ਵਿਚ ਆ ਕੇ ਪੁਛਦਾ ਹੈ ਕਿ ਜਮ ਤੋਂ ਛੁਟਕਾਰਾ ਕਿਵੇਂ ਹੋਵੇ?) ਨਾਨਕ ਗੁਰੂ ਜੀ ਆਖਦੇ ਹਨ ਕਿ ਦਰਵੇਸ਼ ਬੰਦਿਆਂ ਦੇ ਅੱਗੇ ਅਰਦਾਸ ਉਚਾਰਨ ਕਰ (ਤਾਂ ਤੇਰੀ ਮੁਕਤੀ ਹੋਵੇਗੀ)।੪।੧।

ਪਦਾਰਥ = ਖਾਕ–ਮਿੱਟੀ। ਨੂਰ–ਜੋਤ; ਆਤਮਾ; ਦੇਵ ਲੋਕ। ਕਰਦੰ–ਪੈਦਾ ਕੀਤਾ (ਬਣਾ ਦਿਤਾ)। ਆਲਮ ਦੁਨੀਆਇ–ਦੁਨੀਆਂ ਦਾ ਆਲਮ (ਸਾਰਾ ਬ੍ਰਹਮੰਡ)। ਅਸਮਾਨ–ਅਕਾਸ਼। ਜਿਮੀ–ਜਮੀਨ (ਧਰਤੀ)। ਆਬ–ਪਾਣੀ। ਪੈਦਾਇਸਿ ਖੁਦਾਇ–ਰੱਬ ਦੀ ਉਤਪਤੀ (ਰਚਨਾ)।੧। ਬੰਦੇ–ਹੇ ਮਨੁੱਖ!। ਚਸਮ (ਚਸ਼ਮ ਬੋਲੋ)–ਅੱਖਾਂ ਨਾਲ। ਦੀਦੰ–ਦਿਸਦਾ ਹੈ। ਫਨਾਇ–ਨਾਸ਼ਵੰਤ ਹੈ। ਮੁਰਦਾਰ–ਹਰਾਮ; ਮੁਰਦਾ; ਕਮੀਨਾ। ਖੁਰਦਨੀ–ਖਾਣ ਵਾਲੀ ਹੈ। ਗਾਫਲ–ਭੁੱਲੀ ਹੋਈ ਹੈ। ਹਵਾਇ–ਲਾਲਚ; ਤ੍ਰਿਸ਼ਨਾ; ਵਾਸ਼ਨਾ। ਰਹਾਉ। ਗੈਬਾਨ–(ਨਾ ਦਿਸਣ ਵਾਲੇ) ਭੂਤ ਪ੍ਰੇਤ। ਹੈਵਾਨ–ਪਸ਼ੂ। ਹਰਾਮ–ਅਪਵਿਤ੍ਰ; ਧਰਮ ਅਨੁਸਾਰ ਮਨ੍ਹਾ ਕੀਤਾ ਖਾਣਾ। ਕੁਸਤਨੀ (ਕੁਸ਼ਤਨੀ)–ਮਾਰਨ ਵਾਲਾ (ਮਾਰ ਕੇ)। ਮੁਰਦਾਰ–ਮਰੇ ਹੋਏ ਜੀਵਾਂ ਦਾ ਮਾਸ; ਮੁਰਦਾ। ਬਖੋਰਾਇ–ਖਾਂਦਾ ਹੈ। ਕਬਜ–ਕਬਜਾ (ਕਾਬੂ) ਕਰ ਲਿਆ ਹੈ। ਕਬਜਾ–ਕਬਜਾ ਕਰਨ ਵਾਲੀ (ਮਾਇਆ ਨੇ)। ਕਾਦਰੋ–ਪੈਦਾ ਕਰਨ ਵਾਲਾ ਰੱਬ। ਦੋਜਕ ਸਜਾਇ–ਨਰਕਾਂ ਦੀ ਸਜਾ ਦੇਂਦਾ ਹੈ।੨। ਵਲੀ–ਮਾਲਕ। ਨਿਆਮਤਿ–ਦਾਤਾਂ ਦੇਣ ਵਾਲਾ (ਵਲੀ ਨਿਆਮਤਿ–ਦਾਤਾਂ ਦੇਣ ਵਾਲਾ ਪਿਤਾ, ਜੋ ਸਭ ਚੀਜਾਂ ਦੇਂਦਾ ਹੈ)। ਬਿਰਾਦਰਾ–ਭਰਾ। ਦਰਬਾਰ–ਰਾਜ ਸਭਾ; ਦੀਵਾਨ। ਮਿਲਕ–ਜਾਇਦਾਤ। ਖਾਨਾਇ–ਘਰ। ਅਜਰਾਈਲੁ–ਮੌਤ ਦਾ ਫਰਿਸ਼ਤਾ (ਜਮਦੂਤ)। ਬਸਤਨੀ–ਬੰਨ੍ਹ ਲਵੇਗਾ। ਚਿ ਕਾਰੇ–ਕਿਸ ਕੰਮ। ਬਿਦਾਇ–ਬਿਦਾ ਹੋਣ ਵੇਲੇ; ਦੱਸੋ।੩। ਹਵਾਲ–ਹਾਲ। ਮਾਲੂਮੁ–ਜਾਣਕਾਰੀ। ਕਰਦੰ–ਕਰਦਾ ਹੈ। ਪਾਕ ਅਲਾਹ–ਪਵਿਤ੍ਰ ਹਰੀ। ਬੁਗੋ–ਉਚਾਰਨ ਕਰ। ਪੇਸਿ–ਅੱਗੇ; ਸਾਮ੍ਹਣੇ। ਦਰਵੇਸ ਬੰਦਾਹ–ਭਗਤ ਲੋਕਾਂ ਦੇ।੪।੧।

ਨੋਟ = ਇਸ ਸ਼ਬਦ ਵਿਚ 'ਯਕ ਅਰਜ ਗੁਫਤਮ' ਵਾਲੇ ਸ਼ਬਦ ਦੀ ਤਰ੍ਹਾਂ ਜਿਆਦਾ ਲਫਜ਼ ਫਾਰਸੀ ਦੇ ਹਨ।

ਤਿਲੰਗ ਘਰੁ ੨ ਮਹਲਾ ੫ ॥ ਤੁਧੁ ਬਿਨੁ ਦੂਜਾ ਨਾਹੀ ਕੋਇ ॥ ਤੂ ਕਰਤਾਰੁ ਕਰਹਿ ਸੋ ਹੋਇ ॥ ਤੇਰਾ ਜੋਰੁ ,ਤੇਰੀ ਮਨਿ ਟੇਕ ॥ ਸਦਾ ਸਦਾ ਜਪਿ ਨਾਨਕ ਏਕ ॥੧॥ ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥ ਤੇਰੀ ਟੇਕ ਤੇਰਾ ਆਧਾਰੁ ॥ਰਹਾਉ॥ (ਗੁਰੂ ਜੀ ਅਕਾਲ ਪੁਰਖ ਦੇ ਅੱਗੇ ਬੇਨਤੀ ਕਰਦੇ ਹਨ। ਹੇ ਪ੍ਰਭੂ! ਜਗਤ ਨੂੰ ਪੈਦਾ ਕਰਨ ਵਾਲਾ) ਤੇਰੇ ਬਿਨਾ ਹੋਰ ਦੂਜਾ ਕੋਈ ਨਹੀਂ ਹੈ। ਹੇ ਕਰਤਾਰ! ਜੋ ਕੁਝ ਤੂੰ ਕਰਦਾ ਹੈਂ, ਉਹ ਹੀ ਹੁੰਦਾ ਹੈ। (ਹੇ ਪ੍ਰਭੂ! ਸਾਰੇ ਜੀਵਾਂ ਵਿਚ) ਦਿਤਾ ਦਿਤਾ ਬਲ ਹੈ ਅਤੇ (ਸਭ ਦੇ) ਮਨ ਵਿਚ ਤੇਰੀ ਟੇਕ ਹੈ। ਨਾਨਕ ਸਦਾ ਸਦਾ ਇਕ ਤੇਰਾ ਨਾਮ ਹੀ ਜਪਦਾ ਹੈ।੧। (ਹੇ ਭਾਈ! ਸਭ ਜੀਵਾਂ ਨੂੰ) ਦਾਤਾਂ ਦੇਣ ਵਾਲਾ ਪ੍ਰਮਾਤਮਾ ਸਭ ਦੇ

ਉਪਰ (ਸ਼੍ਰੋਮਣੀ) ਹੈ।(ਜੀਵਾਂ ਨੂੰ ਇਸ ਲੋਕ ਵਿਚ) ਤੇਰਾ ਆਸਰਾ ਹੈ ਅਤੇ (ਪ੍ਰਲੋਕ ਵਿਚ ਵੀ) ਤੇਰਾ ਹੀ ਆਸਰਾ ਹੈ।ਰਹਾਉ।

ਅੰਗ ੭੨੪ = ਹੈ ਤੂਹੈ, ਤੂ ਹੋਵਨਹਾਰ ॥ ਅਗਮ ਅਗਾਧਿ ਊਚ ਆਪਾਰ ॥ ਜੋ ਤੁਧੁ ਸੇਵਹਿ, ਤਿਨ ਭਉ ਦੁਖੁ ਨਾਹਿ ॥ ਗੁਰ ਪਰਸਾਦਿ ਨਾਨਕ ਗੁਣ ਗਾਹਿ ॥੨॥ ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥ ਸਿਮਰਿ ਸਿਮਰਿ ਸਿਮਰਿ ਜਨ ਸੋਇ ॥ ਨਾਨਕ ਕਰਮਿ ਪਰਾਪਤਿ ਹੋਇ ॥੩॥ ਜਿਨਿ ਜਪਿਆ, ਤਿਸ ਕਉ ਬਲਿਹਾਰਿ ॥ ਤਿਸ ਕੈ ਸੰਗਿ ਤਰੈ ਸੰਸਾਰ ॥ ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਉ ਧੂਰਿ ॥੪॥੨॥ ਹੇ ਹਰੀ! ਤੂੰ ਹੀ (ਵਰਤਮਾਨ ਕਾਲ ਵਿਚ) ਹੈਂ, ਭੂਤ ਕਾਲ ਵਿਚ ਵੀ ਤੂੰ ਹੀ ਸੀ ਅਤੇ ਅੱਗੇ ਨੂੰ (ਭਵਿੱਖ ਵਿਚ ਵੀ) ਤੂੰ ਹੋਵੇਂਗਾ (ਤਿੰਨਾਂ ਕਾਲਾਂ ਵਿਚ ਇਕ ਤੂੰ ਕਾਇਮ ਰਹਿਣ ਵਾਲਾ ਹੈਂ, ਬਾਕੀ ਤੇਰੀ ਸਾਰੀ ਰਚਨਾ ਨਾਸ਼ਵੰਤ ਹੈ)।ਤੂੰ (ਮਨ ਬਾਣੀ ਦੀ) ਪਹੁੰਚ ਤੋਂ ਪਰੇ, ਅਥਾਹ ਡੂੰਘਾ, ਉਚਾ ਤੇ ਬੇਅੰਤ ਹੈਂ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਹਰੀ!) ਜੋ ਮਨੁੱਖ ਤੈਨੂੰ ਸਿਮਰਦੇ ਹਨ, ਉਨ੍ਹਾਂ ਨੂੰ (ਮੌਤ ਦਾ) ਡਰ ਤੇ (ਜਨਮ ਮਰਣ ਦਾ) ਦੁਖ ਨਹੀਂ ਲਗਦਾ।(ਕਿਉਂਕਿ ਉਹ ਮਨੁੱਖ) ਗੁਰੂ ਦੀ ਕ੍ਰਿਪਾ ਨਾਲ ਤੇਰੇ ਗੁਣ ਗਾਉਂਦੇ ਹਨ।੨।ਹੇ ਗੁਣਾਂ ਦੇ ਖਜਾਨੇ ਹਰੀ! ਹੇ ਉਪਮਾ ਤੋਂ ਰਹਿਤ ਗੋਬਿੰਦ!।ਜੋ ਕੁਝ (ਸਾਨੂੰ) ਦਿਸਦਾ ਹੈ, ਉਹ ਤੇਰਾ ਹੀ ਰੂਪ ਹੈ।ਹੇ ਮਨੁੱਖ! (ਮਨ ਤਨ ਅਤੇ ਬਾਣੀ ਦੁਆਰਾ ਸਦਾ) ਉਸ ਪ੍ਰਭੂ ਦਾ ਸਿਮਰਨ ਕਰਿਆ ਕਰ; (ਹੇ ਪ੍ਰਭੂ!) ਉਹ ਮਨੁੱਖ ਤੇਰਾ ਹੀ ਰੂਪ ਹੋ ਜਾਂਦਾ ਹੈ, (ਜੋ ਮਨ ਬਾਣੀ ਤੇ ਸਰੀਰ ਕਰਕੇ ਤੈਨੂੰ) ਸਿਮਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਪ੍ਰਭੂ ਦਾ ਸਿਮਰਨ ਗੁਰੂ ਦੀ) ਮੇਹਰ ਨਾਲ ਪ੍ਰਾਪਤ ਹੁੰਦਾ ਹੈ।੩।(ਹੇ ਭਾਈ!) ਜਿਸ ਮਨੁੱਖ ਨੇ ਪ੍ਰਭੂ ਦਾ ਨਾਮ ਜਪਿਆ ਹੈ, ਮੈਂ ਉਸ ਤੋਂ ਬਲਹਾਰ ਜਾਂਦਾ ਹਾਂ।(ਕਿਉਂਕਿ) ਉਸ ਦੀ ਸੰਗਤ ਕਰਕੇ ਸੰਸਾਰ ਤਰ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! ਮੇਰੀ ਇੱਛਾ ਪੂਰੀ ਕਰ।(ਮੈਂ ਤੇਰੇ ਦਰ ਤੋਂ) ਸੰਤ ਜਨਾਂ ਦੀ ਚਰਨ ਧੂੜ ਮੰਗਦਾ ਹਾਂ।੪।੨।

ਪਦਾਰਥ = ਤੁਧੁ ਬਿਨਾ–ਤੇਰੇ ਬਿਨਾ।ਕਰਹਿ–ਕਰਦਾ ਹੈਂ।ਸੋ ਹੋਇ–ਉਹ ਹੀ ਹੁੰਦਾ ਹੈ।ਜੋਰੁ–ਬਲ; ਚੇਤਨ ਸੱਤਾ।ਮਨਿ–ਮਨ ਵਿਚ ।ਟੇਕ–ਆਸਰਾ।ਜਪਿ–ਜਪਦਾ ਹੈ।੧।ਸਭ ਊਪਰਿ–ਸਾਰੇ (ਜੀਵਾਂ ਅਤੇ ਸਾਰੇ ਦੇਵੀ ਦੇਵਤਿਆਂ) ਦੇ ਉਪਰ (ਸ਼੍ਰੋਮਣੀ) ਹੈ।ਦਾਤਾਰੁ–ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ।ਆਧਾਰੁ–ਆਸਰਾ।ਰਹਾਉ।ਹੋਵਨਹਾਰ–ਹੋਵੇਂਗਾ।ਅਗਮ–(ਮਨ ਬਾਣੀ ਦੀ) ਪੁਹੰਚ ਤੋਂ ਪਰੇ। ਅਗਾਧਿ–ਅਥਾਹ ਡੂੰਘਾ।ਆਪਾਰ–ਬੇਅੰਤ।ਤੁਧੁ–ਤੈਨੂੰ।ਸੇਵਹਿ–ਸਿਮਰਦੇ ਹਨ।ਤਿਨ–ਉਨ੍ਹਾਂ ਨੂੰ।ਭਉ–ਡਰ।ਗੁਰ ਪਰਸਾਦਿ–ਗੁਰੂ ਦੀ ਕਿਰਪਾ ਨਾਲ।ਗਾਹਿ–ਗਾਉਂਦੇ ਹਨ।੨।ਦੀਸੈ–ਦਿਸਦਾ ਹੈ।ਸੋ–ਉਹ।ਗੁਣ ਨਿਧਾਨ–ਹੇ ਗੁਣਾਂ ਦੇ ਖਜਾਨੇ!।ਅਨੂਪ–ਉਪਮਾ ਤੋਂ ਰਹਿਤ; ਸੁੰਦਰ ।ਜਨ–ਹੇ ਮਨੁੱਖ!।ਸੋਇ–ਉਸ (ਪ੍ਰਭੂ) ਨੂੰ; ਉਹ ਹੀ।ਕਰਮਿ–ਮੇਹਰ ਨਾਲ।੩।ਜਿਨਿ–ਜਿਸ ਨੇ।ਤਿਸ ਕਉ–ਉਸ ਤੋਂ।ਬਲਿਹਾਰ–ਸਦਕੇ ਜਾਂਦਾ ਹਾਂ।ਸੰਗਿ–ਸੰਗਤ ਕਰਕੇ।ਲੋਚਾ–ਇੱਛਾ।ਪੂਰਿ–ਪੂਰੀ ਕਰ।ਬਾਛਉ–ਮੰਗਦਾ ਹਾਂ।ਧੂਰਿ–ਚਰਨ ਧੂੜ। ੪।੨।

ਤਿਲੰਗ ਮਹਲਾ ੫ ਘਰੁ ੩ ॥ ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥ ਜੀਅ ਸਗਲ ਕਉ ਦੇਇ ਦਾਨੁ ॥ ਰਹਾਉ॥ ਤੂ ਕਾਹੇ ਡੋਲਹਿ ਪ੍ਰਾਣੀਆ, ਤੁਧੁ ਰਾਖੈਗਾ ਸਿਰਜਣਹਾਰੁ ॥ ਜਿਨਿ ਪੈਦਾਇਸਿ ਤੂ ਕੀਆ, ਸੋਈ ਦੇਇ ਆਧਾਰੁ ॥੧॥ ਜਿਨਿ ਉਪਾਈ ਮੇਦਨੀ, ਸੋਈ ਕਰਦਾ ਸਾਰ ॥ ਘਟਿ ਘਟਿ ਮਾਲਕੁ ਦਿਲਾ ਕਾ, ਸਚਾ ਪਰਵਦਗਾਰੁ ॥੨॥ ਕੁਦਰਤਿ ਕੀਮ ਨ ਜਾਣੀਐ, ਵਡਾ ਵੇਪਰਵਾਹੁ ॥ ਕਰਿ ਬੰਦੇ ਤੂ ਬੰਦਗੀ, ਜਿਚਰੁ ਘਟ ਮਹਿ ਸਾਹੁ ॥੩॥ ਤੂ ਸਮਰਥੁ ਅਕਥੁ ਅਗੋਚਰੁ ,ਜੀਉ ਪਿੰਡੁ ਤੇਰੀ ਰਾਸਿ ॥ ਰਹਮ ਤੇਰੀ ਸੁਖੁ ਪਾਇਆ ਸਦਾ, ਨਾਨਕ ਕੀ ਆਰਦਾਸਿ ॥੪॥੩॥ (ਹੇ ਭਾਈ!) ਮਾਲਕ ਪ੍ਰਭੂ ਮਿਹਰਵਾਨ ਹੈ, ਮਿਹਰਵਾਨ ਹੈ।ਮੇਰਾ ਮਾਲਕ ਪ੍ਰਭੂ ਮਿਹਰਵਾਨ ਹੈ (ਉਹ ਤਿੰਨਾਂ ਕਾਲਾਂ ਵਿਚ ਮੇਹਰਵਾਨ ਹੈ।ਉਹ) ਸਾਰੇ ਜੀਵਾਂ ਨੂੰ (ਖਾਣ ਪੀਣ ਆਦਿ ਪਦਾਰਥਾਂ ਦਾ) ਦਾਨ ਦੇਂਦਾ ਹੈ।ਰਹਾਉ।ਹੇ ਪ੍ਰਾਣੀ! ਤੂੰ ਕਿਉਂ ਡੋਲਦਾ ਹੈਂ? ਸਿਰਜਨਹਾਰ ਪ੍ਰਭੂ ਤੇਰੀ ਰੱਖਿਆ ਕਰੇਗਾ।ਜਿਸ (ਪ੍ਰਭੂ) ਨੇ ਤੈਨੂੰ ਪੈਦਾ ਕੀਤਾ ਹੈ, ਉਹ ਹੀ ਤੈਨੂੰ ਆਸਰਾ ਦੇਵੇਗਾ।੧।ਜਿਸ ਪ੍ਰਭੂ ਨੇ ਦੁਨੀਆਂ ਪੈਦਾ ਕੀਤੀ ਹੈ, ਉਹ ਹੀ (ਸਭ ਦੀ) ਸੰਭਾਲ ਕਰਦਾ ਹੈ।ਹਰੇਕ ਜੀਵ ਦੇ ਦਿਲ ਵਿਚ ਵਸਣ ਵਾਲਾ (ਪ੍ਰਭੂ ਸਭ ਦੇ) ਦਿਲਾਂ ਦਾ ਮਾਲਕ ਹੈ, ਉਹ ਸੱਚਾ ਹੈ ਅਤੇ (ਸਾਰੇ ਜੀਵਾਂ ਦੀ) ਪਾਲਣਾ ਕਰਨ ਵਾਲਾ ਹੈ।੨।(ਉਸ ਪ੍ਰਭੂ ਦੀ) ਤਾਕਤ ਦੀ ਕੀਮਤ ਨਹੀਂ ਜਾਣੀ ਜਾ ਸਕਦੀ, (ਉਹ ਸਭ ਤੋਂ) ਵਡਾ ਹੈ ਅਤੇ ਬੇਪ੍ਰਵਾਹ ਹੈ।ਹੇ ਬੰਦੇ! ਤੂੰ (ਰੱਬ ਦੀ) ਬੰਦਗੀ ਕਰਦਾ ਰਹਿ, ਜਿਤਨਾ ਚਿਰ ਤੇਰੇ ਸਰੀਰ ਵਿਚ ਸਾਹ ਚਲਦਾ ਹੈ (ਤੂੰ ਜਿਉਂਦਾ ਹੈਂ)।੩।(ਹੇ ਪ੍ਰਭੂ!) ਤੂੰ ਸਭ ਤਾਕਤਾਂ ਦਾ ਮਾਲਕ ਹੈਂ, ਤੇਰਾ ਸਰੂਪ ਬਿਆਨ ਨਹੀਂ ਹੋ ਸਕਦਾ, ਤੂੰ ਇੰਦ੍ਰੀਆਂ ਦੀ ਪਹੁੰਚ ਤੋਂ ਤੂੰ ਪਰੇ ਹੈਂ, ਸਾਡੀ ਜਿੰਦ ਤੇ

ਸਰੀਰ ਤੇਰੀ ਦਿਤੀ ਪੂੰਜੀ ਹਨ। ਨਾਨਕ ਦੀ ਸਦਾ ਅਰਦਾਸ ਹੈ, ਮੈਂ ਤੇਰੀ ਦਇਆ ਦਾ ਸਦਕਾ ਸਦਾ ਆਤਮਕ ਸੁਖ ਪਾਇਆ ਹੈ।੪।੩। (ਸਦਾ ਦੇਹੁਲੀ ਦੀਪਕ ਹੈ), ਰਹਮ ਤੇਰੀ ਸੁਖੁ ਪਾਇਆ, ਸਦਾ ਨਾਨਕ ਕੀ ਅਰਦਾਸਿ (ਇਉਂ ਵੀ ਪਾਠ ਕੀਤਾ ਜਾਂਦਾ ਹੈ)।

ਪਦਾਰਥ = ਮਿਹਰਵਾਨੁ–ਦਇਆ ਕਰਨ ਵਾਲਾ (ਦਿਆਲੂ)। ਸਾਹਿਬੁ–ਮਾਲਕ ਪ੍ਰਭੂ। ਜੀਅ ਸਗਲ ਕਉ–ਸਾਰੇ ਜੀਵਾਂ ਨੂੰ। ਦੇਇ–ਦੇਂਦਾ ਹੈ। ਰਹਾਉ। ਕਾਹੇ–ਕਿਉਂ। ਡੋਲਹਿ–ਡੋਲਦਾ (ਘਬਰਾਉਂਦਾ) ਹੈਂ। ਪ੍ਰਾਣੀਆ–ਹੇ ਮਨੁੱਖ! । ਸਿਰਜਣਹਾਰੁ–ਪੈਦਾ ਕਰਨ ਵਾਲਾ ਪ੍ਰਭੂ। ਤੁਧੁ ਰਾਖੈਗਾ–ਤੇਰੀ ਰੱਖਿਆ ਕਰੇਗਾ। ਜਿਨਿ–ਜਿਸ ਨੇ। ਪੈਦਾਇਸਿ ਕੀਆ–ਪੈਦਾ ਕੀਤਾ। ਤੂ–ਤੈਨੂੰ। ਸੋਈ–ਉਹ ਹੀ। ਆਧਾਰੁ–ਆਸਰਾ; ਭੋਜਨ (ਸ਼ਬਦਾਰਥ; ਮ.ਕੋ.)।੧। ਉਪਾਈ–ਪੈਦਾ ਕੀਤੀ। ਮੇਦਨੀ–ਧਰਤੀ (ਦੁਨੀਆਂ)। ਕਰਦਾ ਸਾਰ–ਸੰਭਾਲ ਕਰਦਾ ਹੈ। ਘਟਿ ਘਟਿ–ਹਰੇਕ ਜੀਵ ਦੇ ਦਿਲ ਵਿਚ। ਪਰਵਦਗਾਰੁ–ਪਾਲਣਾ ਕਰਨ ਵਾਲਾ।੨। ਕੁਦਰਤਿ–ਤਾਕਤ। ਕੀਮ–ਕੀਮਤ; ਅੰਦਾਜਾ। ਵੇਪਰਵਾਹੁ–ਬੇ ਪ੍ਰਵਾਹ; ਇੱਛਾ ਰਹਿਤ; ਬੇਮੁਹਤਾਜ (ਸੁਤੰਤਰ)। ਬੰਦੇ–ਹੇ ਬੰਦੇ! । ਬੰਦਗੀ–ਭਗਤੀ। ਜਿਚਰੁ–ਜਿੰਨਾ ਚਿਰ। ਘਟਿ ਮਹਿ–ਸਰੀਰ ਵਿਚ। ਸਾਹੁ–ਸੁਆਸ।੩। ਸਮਰਥੁ–ਸਭ ਤਾਕਤਾਂ ਦਾ ਮਾਲਕ। ਅਕਥੁ–ਜਿਸਦਾ ਬਿਆਨ ਨਹੀਂ ਹੋ ਸਕਦਾ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਜੀਉ–ਜਿੰਦ। ਪਿੰਡੁ–ਸਰੀਰ। ਰਾਸਿ–ਪੂੰਜੀ। ਰਹਮ–ਦਇਆ।੪।੩।

ਤਿਲੰਗ ਮਹਲਾ ੫ ਘਰੁ ੩ ॥ ਕਰਤੇ ਕੁਦਰਤੀ ਮੁਸਤਾਕੁ ॥ ਦੀਨ ਦੁਨੀਆ ਏਕ ਤੂਹੀ, ਸਭ ਖਲਕ ਹੀ ਤੇ ਪਾਕੁ ॥ਰਹਾਉ॥ ਖਿਨ ਮਾਹਿ ਥਾਪਿ ਉਥਾਪਦਾ, ਆਚਰਜ ਤੇਰੇ ਰੂਪ ॥ ਕਉਣੁ ਜਾਣੈ ਚਲਤ ਤੇਰੇ, ਅੰਧਿਆਰੇ ਮਹਿ ਦੀਪ ॥੧॥ ਖੁਦਿ ਖਸਮ ਖਲਕ ਜਹਾਨ ਅਲਹ, ਮਿਹਰਵਾਨ ਖੁਦਾਇ ॥ ਦਿਨਸੁ ਰੈਣਿ ਜਿ ਤੁਧੁ ਅਰਾਧੇ, ਸੋ ਕਿਉ ਦੋਜਕਿ ਜਾਇ ॥੨॥ ਅਜਰਾਈਲੁ ਯਾਰੁ ਬੰਦੇ, ਜਿਸੁ ਤੇਰਾ ਆਧਾਰੁ ॥ ਗੁਨਹ ਉਸ ਕੇ ਸਗਲ ਆਫੂ ,ਤੇਰੇ ਜਨ ਦੇਖਹਿ ਦੀਦਾਰੁ ॥੩॥ ਦੁਨੀਆ ਚੀਜ ਫਿਲਹਾਲ ਸਗਲੇ, ਸਚੁ ਸੁਖੁ ਤੇਰਾ ਨਾਉ ॥ ਗੁਰ ਮਿਲਿ ਨਾਨਕ ਬੂਝਿਆ, ਸਦਾ ਏਕਸੁ ਗਾਉ ॥੪॥੪॥ ਹੇ ਕਰਤਾਰ! ਤੇਰੀ ਕੁਦਰਤ ਨੇ ਮੈਨੂੰ ਮੋਹਿਤ ਕਰ ਲਿਆ ਹੈ; ਤੇਰੀ ਕੁਦਰਤ ਦੇ ਕਾਰਣ (ਕੁਦਰਤ ਨੂੰ ਦੇਖ ਕੇ ਮੈਂ ਤੇਰੇ ਦਰਸ਼ਨਾਂ ਦਾ) ਚਾਹਵਾਨ ਹੋ ਗਿਆ ਹਾਂ। ਮੇਰਾ ਧਰਮ ਅਤੇ ਦੁਨੀਆਂ (ਪ੍ਰਮਾਰਥ ਤੇ ਵਿਹਾਰ) ਇਕ ਤੂੰ ਹੀ ਹੈਂ; ਲੋਕ ਪ੍ਰਲੋਕ ਵਿਚ ਇਕ ਤੂੰ (ਸਾਡਾ ਰਾਖਾ) ਹੈਂ ਅਤੇ ਤੂੰ ਸਾਰੀ ਦੁਨੀਆਂ ਤੋਂ ਨਿਰਲੇਪ ਹੈਂ। ਰਹਾਉ। ਇਕ ਖਿਨ ਵਿਚ (ਦੁਨੀਆਂ) ਬਣਾ ਕੇ ਨਾਸ਼ ਕਰ ਦੇਂਦਾ ਹੈਂ, ਤੇਰੇ ਰੂਪ ਅਸਚਰਜ ਹਨ (ਤੈਥੋਂ ਪੈਦਾ ਹੋਏ ਅਕਾਰ ਅਦਭੁਤ ਹਨ)। ਤੇਰੇ ਕੌਤਕ ਕੌਣ ਜਾਣ ਸਕਦਾ ਹੈ? ਤੂੰ (ਅਗਿਆਨਤਾ ਦੇ) ਹਨ੍ਹੇਰੇ ਵਿਚ ਦੀਵਾ (ਚਾਨਣ) ਹੈਂ।੧। ਹੇ ਅੱਲਾ! ਹੇ ਮੇਹਰਵਾਨ ਖੁਦਾ! ਸਾਰੀ ਖਲਖਤ, ਸਾਰੇ ਜਹਾਨ (ਲੋਕ ਪ੍ਰਲੋਕ) ਦਾ ਤੂੰ ਆਪ ਖੁਦ ਮਾਲਕ ਹੈਂ। ਜਿਹੜਾ ਮਨੁੱਖ ਦਿਨ ਰਾਤ ਤੈਨੂੰ ਯਾਦ ਕਰੇ, ਉਹ ਨਰਕ ਵਿਚ ਕਿਵੇਂ ਜਾ ਸਕਦਾ ਹੈ? (ਮੁਕਤ ਹੋ ਜਾਂਦਾ ਹੈ)।੨। ਜਿਸ ਨੂੰ ਤੇਰਾ ਆਸਰਾ ਹੈ, ਜਮਦੂਤ ਉਸ ਬੰਦੇ ਦਾ ਮਿਤ੍ਰ ਬਣ ਜਾਂਦਾ ਹੈ। (ਫਿਰ) ਉਸ ਮਨੁੱਖ ਦੇ ਸਾਰੇ ਪਾਪ ਮਾਫ ਹੋ ਜਾਂਦੇ ਹਨ, (ਇਸ ਲਈ) ਤੇਰੇ ਭਗਤ ਤੇਰਾ ਹੀ ਦਰਸ਼ਨ ਦੇਖਦੇ ਹਨ ('ਉਸ ਕੇ' ਇਕ ਵਚਨ ਹੈ ਅਤੇ 'ਜਨ ਦੇਖਹਿ' ਬਹੁ ਵਚਨ ਹੈ। ਇਸ ਲਈ 'ਜਨ ਦੇਖਹਿ' ਦਾ ਸਬੰਧ 'ਉਸ ਕੇ' ਨਾਲ ਨਹੀਂ)।੩। (ਹੇ ਪ੍ਰਭੂ!) ਦੁਨੀਆਂ ਦੇ ਸਾਰੇ ਪਦਾਰਥ ਖਿਨ ਭੰਗਰ (ਨਾਸ਼ਵੰਤ) ਹਨ, ਤੇਰਾ ਨਾਮ ਸੱਚਾ (ਸਦੀਵੀ) ਸੁਖ ਦੇਣ ਵਾਲਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਇਹ ਗਲ) ਮੈਂ ਗੁਰੂ ਨੂੰ ਮਿਲ ਕੇ ਸਮਝਿਆ ਹਾਂ, (ਹੁਣ ਮੈਂ) ਇਕ ਪ੍ਰਭੂ ਦਾ ਹੀ ਜਸ ਗਾਉਂਦਾ ਹਾਂ।੪।੪।

ਸਾਰੰਸ਼ = ਰਬ ਦੀ ਕੁਦਰਤ ਦੇਖ ਕੇ ਉਸ ਦੇ ਦਰਸ਼ਨਾਂ ਦਾ ਚਾਉ ਪੈਦਾ ਹੁੰਦਾ ਹੈ (ਸ਼ਬਦਾਰਥ)।

ਪਦਾਰਥ = ਕਰਤੇ–ਹੇ ਕਰਤਾਰ! । ਕੁਦਰਤਿ–ਕੁਦਰਤ ਨੇ; ਕੁਦਰਤ ਦੇ ਕਾਰਣ। ਮੁਸਤਾਕੁ–ਚਾਹਵਾਨ। ਦੀਨ ਦੁਨੀਆ–ਧਰਮ ਤੇ ਦੁਨੀਆਂ; ਪ੍ਰਮਾਰਥ ਤੇ ਵਿਹਾਰ; ਲੋਕ ਪ੍ਰਲੋਕ। ਖਲਕ ਤੇ–ਦੁਨੀਆਂ ਤੋਂ। ਪਾਕੁ–ਪਵਿਤ੍ਰ; ਨਿਰਲੇਪ। ਰਹਾਉ। ਖਿਨ ਮਾਹਿ–ਇਕ ਪਲ ਵਿਚ। ਥਾਪਿ–ਪੈਦਾ ਕਰਕੇ। ਉਥਾਪਦਾ–ਨਾਸ਼ ਕਰ ਦੇਂਦਾ ਹੈਂ। ਆਚਰਜ–ਹੈਰਾਨ ਕਰਨ ਵਾਲੇ। ਚਲਤ–ਚਲਿੱਤ੍ਰ (ਕੌਤਕ)। ਦੀਪ–ਦੀਵਾ (ਚਾਨਣ)।੧। ਖੁਦਿ–ਆਪ। ਖਸਮ–ਮਾਲਕ। ਖਲਕ ਜਹਾਨ–ਇਹ ਦੁਨੀਆਂ ਤੇ ਅਗਲੀ ਦੁਨੀਆਂ (ਲੋਕ ਪ੍ਰਲੋਕ)। ਮਿਹਰਵਾਨ ਖੁਦਾਇ–ਦਇਆ ਕਰਨ ਵਾਲਾ ਰੱਬ। ਦਿਨਸੁ ਰੈਣਿ–ਦਿਨ ਰਾਤ। ਜਿ–ਜਿਹੜਾ। ਤੁਧੁ–ਤੈਨੂੰ। ਅਰਾਧੇ–ਯਾਦ ਕਰੇ। ਸੋ–ਉਹ। ਦੋਜਕਿ–ਨਰਕ ਵਿਚ।੨। ਯਾਰ–ਮਿਤ੍ਰ। ਅਜਰਾਈਲੁ–ਮੌਤ ਦਾ ਫਰਿਸ਼ਤਾ (ਜਮਦੂਤ)। ਆਧਾਰੁ–ਆਸਰਾ। ਗੁਨਹ–ਗੁਨਾਹ (ਪਾਪ)। ਸਗਲ–ਸਾਰੇ। ਆਫੂ–ਮਾਫ ਹੋ ਜਾਂਦੇ ਹਨ। ਜਨ–ਭਗਤ। ਦੇਖਹਿ–ਦੇਖਦੇ ਹਨ।੩। ਚੀਜ–ਚੀਜਾਂ (ਪਦਾਰਥ)। ਫਿਲਹਾਲ (ਅ.)–ਹੁਣ ਦੇ ਥੋੜੇ ਚਿਰ ਵਾਸਤੇ; ਖਿਨ ਭੰਗਰ (ਛੇਤੀ ਨਾਸ਼ ਹੋਣ ਵਾਲੇ)। ਬੂਝਿਆ–ਸਮਝਿਆ ਹੈ। ਏਕਸੁ–ਇਕ ਪ੍ਰਭੂ ਦਾ। ਗਾਉ–ਮੈਂ ਗਾਉਂਦਾ ਹਾਂ।੪।੪।

ਉਥਾਨਕਾ = ਪ੍ਰਭੂ ਦਾ ਦਰਸ਼ਨ ਅਮੋਲਕ ਹੈ, ਪਰ ਪ੍ਰੇਮ ਕਰਨ ਨਾਲ ਦਰਸ਼ਨ ਮਿਲਦਾ ਹੈ। ਇਹ ਸ਼ਬਦ ਡੱਬੀ ਬਜਾਰ ਲਹੌਰ ਵਿਚ

ਜਿਥੇ ਗੁਰੂ ਕੀ ਬਾਉਲੀ ਹੈ, ਨਵਾਬ ਲਹੌਰ ਪ੍ਰਤੀ ਉਚਾਰਨ ਹੋਇਆ ਹੈ (ਸ਼ਬਦਾਰਥ)।
ਤਿਲੰਗ ਮਹਲਾ ੫ ॥ ਮੀਰਾਂ ਦਾਨਾਂ ਦਿਲ ਸੋਚ ॥ ਮੁਹਬਤੇ ਮਨਿ ਤਨਿ ਬਸੈ, ਸਚੁ ਸਾਹ ਬੰਦੀ ਮੋਚ ॥੧॥ਰਹਾਉ॥ ਦੀਦਨੇ ਦੀਦਾਰ ਸਾਹਿਬ, ਕਛੁ ਨਹੀ ਇਸ ਕਾ ਮੋਲੁ ॥ ਪਾਕ ਪਰਵਦਗਾਰ ਤੂ ,ਖੁਦਿ ਖਸਮੁ ਵਡਾ ਅਤੋਲੁ ॥੧॥ ਦਸ੍ਤਗੀਰੀ ਦੇਹਿ ਦਿਲਾਵਰ, ਤੂਹੀ ਤੂਹੀ ਏਕ ॥ ਕਰਤਾਰ ਕੁਦਰਤਿ ਕਰਣ ਖਾਲਕ, ਨਾਨਕ ਤੇਰੀ ਟੇਕ ॥੨॥੫॥ ਹੇ ਅੰਤਰਜਾਮੀ ਪਾਤਸ਼ਾਹ! ਮੈਂ ਤੈਨੂੰ ਦਿਲ ਵਿਚ ਸੋਚਦਾ (ਵਿਚਾਰਦਾ ਰਹਿੰਦਾ) ਹਾਂ।ਹੇ (ਜਨਮ ਮਰਨ ਦੀ) ਕੈਦ ਤੋਂ ਛੁਡਾਉਣ ਵਾਲੇ ਸੱਚੇ ਪਾਤਸ਼ਾਹ! ਤੇਰਾ ਪਿਆਰ ਮੇਰੇ ਮਨ ਵਿਚ ਤੇ ਸਰੀਰ ਵਿਚ ਵਸਦਾ ਹੈ।੧।ਰਹਾਉ।ਹੇ ਸਾਹਿਬ! (ਮਨ ਬੁੱਧੀ ਰੂਪ ਅੱਖਾਂ ਨਾਲ ਜੋ ਤੇਰਾ) ਦਰਸ਼ਨ ਦੇਖਣਾ ਹੈ, ਇਸ ਦਾ ਕੁਛ ਮੁੱਲ ਨਹੀਂ ਪੈ ਸਕਦਾ (ਸਭ ਨੂੰ ਤੇਰਾ ਰੂਪ ਜਾਣਨਾ ਜੋ ਹੈ, ਐਸੀ ਗਿਆਨ ਦ੍ਰਿਸ਼ਟੀ ਦਾ ਕੋਈ ਮੁੱਲ ਨਹੀਂ)।ਤੂੰ ਪਵਿਤ੍ਰ ਹੈਂ, (ਸਾਰੇ ਜੀਵਾਂ ਦੀ) ਪਾਲਣਾ ਕਰਨ ਵਾਲਾ ਹੈਂ, ਤੂੰ ਆਪ ਹੀ ਸਭ ਦਾ ਮਾਲਕ ਹੈਂ, (ਸਭ ਤੋਂ) ਵੱਡਾ ਹੈਂ ਅਤੇ ਅਤੁੱਲ (ਬੇਅੰਤ) ਹੈਂ।੧।ਹੇ ਸੂਰਬੀਰ ਪ੍ਰਭੂ! (ਮੈਨੂੰ) ਸਹਾਇਤਾ ਦੇਹ, (ਮੇਰਾ ਇਸ ਲੋਕ ਵਿਚ ਸਹਾਇਕ) ਇਕ ਤੂੰ ਹੀ ਹੈ ਅਤੇ (ਪ੍ਰਲੋਕ ਵਿਚ ਵੀ ਸਹਾਇਕ) ਤੂੰ ਹੀ ਹੈਂ।ਹੇ ਕਰਤਾਰ! ਹੇ ਕੁਦਰਤ ਸਾਜਣ ਵਾਲੇ! ਹੇ ਦੁਨੀਆਂ ਨੂੰ ਪੈਦਾ ਕਰਨ ਵਾਲੇ ਪ੍ਰਭੂ! ਨਾਨਕ ਨੂੰ ਤੇਰੀ ਟੇਕ ਹੈ।੨।੫।
ਪਦਾਰਥ = ਮੀਰਾਂ–ਹੇ ਅਮੀਰ (ਪਾਤਸ਼ਾਹ)!।ਦਾਨਾਂ–ਹੇ ਅੰਤਰਜਾਮੀ!।ਦਿਲ ਸੋਚ–ਦਿਲ ਵਿਚ ਵਿਚਾਰਦਾ ਹਾਂ।ਮੁਹਬਤੇ–ਮੁਹੱਬਤ (ਪਿਆਰ)।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਸਚੁ ਸਾਹ–ਹੇ ਸੱਚੇ ਪਾਤਸ਼ਾਹ!।ਬੰਦੀ ਮੋਚ–ਕੈਦ ਤੋਂ ਛੁਡਾਉਣ ਵਾਲਾ।੧। ਰਹਾਉ।ਦਸ੍ਤਗੀਰੀ ਦੇਹਿ–ਹੱਥ ਫੜ ਲੈ (ਸਹਾਇਤਾ ਕਰ)।ਦਿਲਾਵਰ–ਹੇ ਸੂਰਬੀਰ ਪ੍ਰਭੂ!।ਕੁਦਰਤਿ ਕਰਣ–ਹੇ ਕੁਦਰਤ ਦੇ ਸਾਜਣ ਵਾਲੇ!। ਖਾਲਕ–ਹੇ ਦੁਨੀਆਂ ਨੂੰ ਪੈਦਾ ਕਰਨ ਵਾਲੇ!; ਹੇ ਦੁਨੀਆਂ ਦੇ ਮਾਲਕ!।ਟੇਕ–ਆਸਰਾ।੨।੫।
ਤਿਲੰਗ ਮਹਲਾ ੧ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥ ਜਿਨਿ ਕੀਆ ਤਿਨਿ ਦੇਖਿਆ, ਕਿਆ ਕਹੀਐ ਰੇ ਭਾਈ ॥ ਆਪੇ ਜਾਣੈ ਕਰੇ ਆਪਿ, ਜਿਨਿ ਵਾੜੀ ਹੈ ਲਾਈ ॥੧॥ ਹੇ ਭਾਈ! ਜਿਸ ਪ੍ਰਭੂ ਨੇ (ਇਹ ਜਗਤ) ਪੈਦਾ ਕੀਤਾ ਹੈ, ਉਸੇ ਨੇ ਹੀ (ਇਸ ਨੂੰ) ਦੇਖਿਆ (ਸੰਭਾਲ ਤੇ ਪਾਲਣਾ ਕੀਤੀ) ਹੈ, (ਜੀਵਾਂ ਦਾ ਕੀ ਹਾਲ ਹੋਵੇਗਾ, ਕੀਤੇ ਕਰਮਾਂ ਦਾ ਕਿਹੋ ਜਿਹਾ ਫਲ ਮਿਲੇਗਾ, ਇਸ ਬਾਰੇ) ਕੀ ਕਹਿ ਸਕਦੇ ਹਾਂ? ਜਿਸ ਪ੍ਰਭੂ ਨੇ ਜਗਤ ਰੂਪ ਬਗੀਚੀ ਲਾਈ ਹੈ {ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ।ਸਦਾ ਸਮਾਲੇ ਕੋ ਨਾਹੀ ਖਾਲੀ ੧੧੮}, ਆਪ ਹੀ (ਉਹ ਜੀਵਾਂ ਦੇ ਕਰਮ) ਜਾਣਦਾ ਹੈ ਤੇ ਆਪ ਹੀ (ਸਭ ਦੇ ਕਰਮਾਂ ਦਾ ਹਿਸਾਬ) ਕਰਦਾ ਹੈ।੧।
ਅੰਗ ੭੨੫ = ਰਾਇਸਾ ਪਿਆਰੇ ਕਾ ਰਾਇਸਾ, ਜਿਤੁ ਸਦਾ ਸੁਖੁ ਹੋਈ ॥ਰਹਾਉ॥ ਜਿਨਿ ਰੰਗਿ ਕੰਤੁ ਨ ਰਾਵਿਆ, ਸਾ ਪਛੋ ਰੇ ਤਾਣੀ ॥ ਹਾਥ ਪਛੋੜੈ ਸਿਰੁ ਧੁਣੈ, ਜਬ ਰੈਣਿ ਵਿਹਾਣੀ ॥੨॥ ਪਛੋਤਾਵਾ ਨ ਮਿਲੈ, ਜਬ ਚੂਕੈਗੀ ਸਾਰੀ ॥ ਤਾ ਫਿਰਿ ਪਿਆਰਾ ਰਾਵੀਐ, ਜਬ ਆਵੈਗੀ ਵਾਰੀ ॥੩॥ ਕੰਤੁ ਲੀਆ ਸੋਹਾਗਣੀ, ਮੈ ਤੇ ਵਧਵੀ ਏਹ ॥ ਸੇ ਗੁਣ ਮੁਝੈ ਨ ਆਵਨੀ, ਕੈ ਜੀ ਦੋਸੁ ਧਰੇਹ ॥੪॥ ਜਿਨੀ ਸਖੀ ਸਹੁ ਰਾਵਿਆ, ਤਿਨ ਪੂਛਉਗੀ ਜਾਇ ॥ ਪਾਇ ਲਗਉ ਬੇਨਤੀ ਕਰਉ ,ਲੇਉਗੀ ਪੰਥੁ ਬਤਾਏ ॥੫॥ (ਹੇ ਭਾਈ!) ਪਿਆਰੇ ਪ੍ਰਭੂ ਦਾ ਕਥਾ ਪ੍ਰਸੰਗ (ਜਸ) ਗਾਓ, ਜਿਸ ਦੇ (ਗਾਉਣ ਨਾਲ) ਸਦਾ ਸੁਖ ਹੁੰਦਾ ਹੈ।ਰਹਾਉ।ਹੇ ਭਾਈ! ਜਿਸ (ਜੀਵ ਇਸਤ੍ਰੀ) ਨੇ ਪ੍ਰੇਮ ਨਾਲ ਪਤੀ ਪ੍ਰਮੇਸਰ ਨੂੰ ਨਹੀਂ ਸਿਮਰਿਆ, ਉਹ (ਫਿਰ) ਪਛਤਾਉਂਦੀ ਹੈ।ਜਦੋਂ ਜੀਵਨ ਰੂਪ ਰਾਤ ਬੀਤ ਜਾਂਦੀ ਹੈ, (ਤਾਂ ਉਹ ਸੋਗ ਨਾਲ) ਹੱਥ ਪਟਕਦੀ ਹੈ ਅਤੇ ਸਿਰ ਮਾਰਦੀ ਹੈ {ਹਾਥ ਪਛੋੜਹਿ ਸਿਰੁ ਧਰਨਿ ਲਗਾਹਿ ੧੧੫੨}।੨।ਜਦ ਜੀਵਨ ਦੀ ਨਰਦ ਉਠ (ਮੌਤ ਆ) ਜਾਏਗੀ, ਤਾਂ ਪਛਤਾਵਾ ਕਰਨ ਦਾ ਸਮਾਂ ਵੀ ਨਹੀਂ ਮਿਲੇਗਾ; ਜਦ ਸਾਰੀ ਉਮਰ ਮੁੱਕ ਜਾਵੇਗੀ, ਉਸ ਵੇਲੇ ਪਛਤਾਵਾ ਕਰਨ ਦਾ ਕੋਈ ਲਾਭ ਨਹੀਂ ਮਿਲਦਾ।ਜਦ (ਮੁੜ ਕੇ ਚਿਰਾਂ ਬਾਦ) ਮਨੁੱਖਾ ਜਨਮ ਦੀ ਵਾਰੀ ਆਵੇਗੀ, ਤਾਂ ਫਿਰ ਪਿਆਰੇ ਨੂੰ ਜਪਿਆ ਜਾਵੇਗਾ (ਹੁਣ ਜੀਵਨ ਬਿਰਥਾ ਗਵਾ ਲਿਆ, ਮੁੜ ਪਤਾ ਨਹੀਂ ਕਦੋਂ ਮਨੁੱਖਾ ਜਨਮ ਮਿਲੇ)।੩।ਪਤੀ ਪ੍ਰਭੂ ਨੂੰ (ਜਿਨ੍ਹਾਂ ਗੁਰਮੁਖ) ਸੁਹਾਗਣਾਂ ਨੇ ਪਾ ਲਿਆ ਹੈ, ਏਹ ਮੇਰੇ ਨਾਲੋਂ ਵਧੀਆ (ਚੰਗੇ ਗੁਣਾਂ ਵਾਲੀਆਂ) ਹਨ।ਉਹ ਗੁਣ ਮੈਨੂੰ ਨਹੀਂ ਆਉਂਦੇ (ਮੈਂ ਗੁਣ ਹੀਣ ਹਾਂ, ਇਸ ਕਰ ਕੇ ਮੈਂ) ਕਿਸ ਜੀਵ ਉਤੇ ਦੋਸ਼ ਧਰਾਂ; ਕਿਸ ਤਰ੍ਹਾਂ ਚਿੱਤ ਵਿਚ ਹਰੀ ਨੂੰ ਦੋਸ਼ ਦਿਆਂ (ਸ਼ਬਦਾਰਥ)।੪।ਜਿਨ੍ਹਾਂ (ਗੁਰਮੁਖ) ਸਹੇਲੀਆਂ ਨੇ ਪਤੀ ਪ੍ਰਭੂ ਨੂੰ ਭੋਗਿਆ (ਮਿਲਾਪ ਦਾ ਅਨੰਦ ਮਾਣਿਆ) ਹੈ, ਉਨ੍ਹਾਂ ਨੂੰ ਮੈਂ ਜਾ ਕੇ ਪੁੱਛਾਂਗੀ (ਕਿ ਪਤੀ ਕਿਸ ਤਰ੍ਹਾਂ ਮਿਲ ਸਕਦਾ ਹੈ? ਉਨ੍ਹਾਂ ਦੇ) ਪੈਰੀਂ ਲੱਗਾਂਗੀ ਤੇ ਬੇਨਤੀ ਕਰਾਂਗੀ ਅਤੇ (ਪਤੀ ਦੇ ਮਿਲਣ ਦਾ) ਰਸਤਾ ਪੁੱਛ ਲਵਾਂਗੀ।੫।
ਪਦਾਰਥ = ਜਿਨਿ–ਜਿਸ (ਪ੍ਰਭੂ) ਨੇ।ਕੀਆ–ਪੈਦਾ ਕੀਤਾ।ਤਿਨਿ–ਉਸ (ਪ੍ਰਭੂ) ਨੇ।ਦੇਖਿਆ–ਸੰਭਾਲ ਕੀਤੀ ਹੈ; ਪਾਲਣਾ ਕੀਤੀ

ਹੈ।ਰੇ ਭਾਈ–ਹੇ ਭਾਈ!।ਵਾੜੀ–ਬਗੀਚੀ (ਜਗਤ)।੧।ਰਾਇਸਾ (ਰਾਇਸੋ–ਰਾਜਿਸਥਾਨੀ ਬੋਲੀ)–ਕਥਾ ਪ੍ਰਸੰਗ (ਸਿਫਤ ਸਲਾਹ)। ਜਿਤੁ–ਜਿਸ ਦੇ ਨਾਲ।ਰਹਾਉ।ਰੰਗਿ–ਪ੍ਰੇਮ ਨਾਲ।ਕੰਤੁ–ਪਤੀ ਪ੍ਰਭੂ ਨੂੰ।ਸਾ ਪਛੋ ਰੇ ਤਾਣੀ–ਹੇ ਭਾਈ! ਉਹ ਪਛਤਾਉਂਦੀ ਹੈ।ਰਾਵਿਆ –ਸਿਮਰਿਆ।ਹਾਥ ਪਛੋੜੈ–ਹੱਥ ਪਟਕਦੀ ਹੈ; ਸਿਰ ਤੇ ਹੱਥ ਮਾਰਦੀ ਹੈ; ਹੱਥਾਂ ਨਾਲ ਛਾਤੀ ਪਿਟਦੀ ਹੈ।ਸਿਰ ਧੁਣੈ–ਸਿਰ ਮਾਰਦੀ (ਸਿਰ ਹਿਲਾਉਂਦੀ) ਹੈ (ਹੱਥ ਪਟਕਣਾ ਅਤੇ ਸਿਰ ਫੇਰਨਾ ਪਛਤਾਵੇ ਦਾ ਸੂਚਕ ਹੈ)।ਜਬ–ਜਦ।ਰੈਣਿ–ਰਾਤ।ਵਿਹਾਣੀ–ਬੀਤ ਜਾਂਦੀ ਹੈ।੨।ਚੁਕੈਗੀ–ਉਠ (ਮੁੱਕ) ਜਾਏਗੀ।ਸਾਰੀ–ਸਤਰੰਜ ਜਾਂ ਚੌਪੜ ਦੀ ਨਰਦ ਭਾਵ ਜੀਵਨ।ਤਾ–ਤਾਂ; ਤਦ।ਪਿਆਰਾ–ਪਿਆਰੇ ਪ੍ਰਭੂ ਨੂੰ।ਰਾਵੀਐ–ਜਪਿਆ ਜਾਵੇਗਾ।ਵਾਰੀ–ਮਨੁੱਖਾ ਜਨਮ ਦੀ ਵਾਰੀ।੩।ਸੋਹਾਗਣੀ–ਸੁਹਾਗ ਵੰਤੀਆਂ (ਗੁਰਮੁਖਾਂ) ਨੇ।ਮੈ ਤੇ–ਮੇਰੇ ਨਾਲੋਂ।ਵਧਵੀ–ਵਧੀਆ (ਚੰਗੀਆਂ)।ਸੇ–ਉਹ।ਮੁਝੈ–ਮੈਨੂੰ; ਮੇਰੇ ਅੰਦਰ।ਆਵਨੀ–ਆਉਂਦੇ।ਕੈ ਜੀ–ਕਿਸ ਜੀਵ ਉਤੇ; ਕਿਸ ਤਰ੍ਹਾਂ ਚਿਤ ਵਿਚ।ਧਰੇਹੁ–ਧਰਾਂ।੪।ਜਿਨੀ ਸਖੀ–ਜਿਨ੍ਹਾਂ (ਗੁਰਮੁਖ) ਸਹੇਲੀਆਂ ਨੇ।ਸਹੁ–ਪਤੀ ਨੂੰ।ਰਾਵਿਆ–ਭੋਗਿਆ (ਮਿਲਾਪ ਦਾ ਅਨੰਦ ਮਾਣਿਆ)।ਜਾਇ–ਜਾ ਕੇ।ਪਾਇ ਲਗਉ–ਪੈਰੀਂ ਲੱਗਾਂਗੀ।ਕਰਉ–ਮੈ ਕਰਾਂਗੀ।ਪੰਥੁ–ਰਸਤਾ।ਲੇਉਗੀ ਬਤਾਇ–ਪੁੱਛ ਲਵਾਂਗੀ ।੫।

ਹੁਕਮੁ ਪਛਾਣੈ ਨਾਨਕਾ, ਭਉ ਚੰਦਨੁ ਲਾਵੈ ॥ ਗੁਣ ਕਾਮਣ ਕਾਮਣਿ ਕਰੈ, ਤਉ ਪਿਆਰੇ ਕਉ ਪਾਵੈ ॥੬॥ ਜੋ ਦਿਲਿ ਮਿਲਿਆ ਸੁ ਮਿਲਿ ਰਹਿਆ, ਮਿਲਿਆ ਕਹੀਐ ਰੇ ਸੋਈ ॥ ਜੇ ਬਹੁਤੇਰਾ ਲੋਚੀਐ, ਬਾਤੀ ਮੇਲੁ ਨ ਹੋਈ ॥੭॥ ਧਾਤੁ ਮਿਲੈ ਫੁਨਿ ਧਾਤੁ ਕਉ ,ਲਿਵ ਲਿਵੈ ਕਉ ਧਾਵੈ ॥ ਗੁਰ ਪਰਸਾਦੀ ਜਾਣੀਐ, ਤਉ ਅਨਭਉ ਪਾਵੈ ॥੮॥ ਪਾਨਾਵਾੜੀ ਹੋਇ ਘਰਿ, ਖਰੁ ਸਾਰ ਨ ਜਾਣੈ ॥ ਰਸੀਆ ਹੋਵੈ ਮੁਸਕ ਕਾ, ਤਬ ਫੂਲੁ ਪਛਾਣੈ ॥੯॥ ਅਪਿਉ ਪੀਵੈ ਜੋ ਨਾਨਕਾ, ਭ੍ਰਮੁ ਭ੍ਰਮਿ ਸਮਾਵੈ ॥ ਸਹਜੇ ਸਹਜੇ ਮਿਲਿ ਰਹੈ, ਅਮਰਾਪਦੁ ਪਾਵੈ ॥੧੦॥੧॥ (ਹੁਣ ਪਤੀ ਪ੍ਰਭੂ ਨੂੰ ਮਿਲਣ ਦਾ ਰਸਤਾ ਦਸਦੇ ਹਨ) ਨਾਨਕ ਗੁਰੂ ਜੀ ਆਖਦੇ ਹਨ ਕਿ (ਜਦ ਜੀਵ ਇਸਤ੍ਰੀ ਪਤੀ ਪ੍ਰਭੂ ਦਾ) ਹੁਕਮ ਪਛਾਣ ਲਵੇ ਤੇ ਪ੍ਰਭੂ ਦਾ ਭੈ ਰੂਪ ਚੰਦਨ (ਸੁਗੰਧੀ ਅਪਣੇ ਸਰੀਰ ਉਤੇ) ਮਲ ਲਵੇ।ਅਤੇ ਜੀਵ ਇਸਤ੍ਰੀ ਸ਼ੁੱਭ ਗੁਣਾਂ ਰੂਪ ਜਾਦੂ ਟੂਣੇ ਕਰੇ, ਤਾਂ ਪਿਆਰੇ ਪਤੀ ਪ੍ਰਭੂ ਨੂੰ ਪਾ ਲੈਂਦੀ ਹੈ।੬।ਹੇ ਭਾਈ! ਜੋ ਮਨੁੱਖ ਦਿਲੋਂ ਹਰੀ ਨੂੰ ਮਿਲਿਆ ਹੈ, ਉਹ ਹਰੀ ਨਾਲ ਮਿਲਿਆ ਰਹਿੰਦਾ ਹੈ, (ਅਸਲ ਵਿਚ) ਉਹ ਹੀ ਮਿਲਿਆ ਹੋਇਆ ਕਹੀਦਾ ਹੈ।ਜੇ (ਪ੍ਰੇਮ ਤੋਂ ਬਿਨਾ ਕਰਮ ਕਾਂਡ ਨਾਲ ਹਰੀ ਨੂੰ) ਬਹੁਤਾ ਚਾਹੁੰਦੇ ਰਹੀਏ (ਤਾਂ ਨਿਰੀਆਂ) ਗੱਲਾਂ ਨਾਲ ਮੇਲ ਨਹੀਂ ਹੁੰਦਾ।੭।ਜਿਵੇਂ ਧਾਤ ਮੁੜ ਧਾਤ ਨੂੰ ਮਿਲ ਜਾਂਦੀ ਹੈ, ਇਸੇ ਤਰ੍ਹਾਂ ਪਿਆਰ, ਪਿਆਰ ਵੱਲ ਦੌੜਦਾ ਹੈ (ਸੋਨਾ ਆਦਿ ਧਾਤ ਦਾ ਗਹਿਣਾ ਟੁੱਟ ਭੱਜ ਜਾਂ ਗਲ ਕੇ ਫਿਰ ਅਪਣੇ ਅਸਲੇ ਵਾਲੀ ਧਾਤ ਵਿਚ ਰਲ ਜਾਂਦਾ ਹੈ ਤੇ ਫਰਕ ਨਹੀਂ ਰਹਿੰਦਾ।ਤਿਵੇਂ ਹਰੀ ਨਾਲ ਪ੍ਰੇਮ ਕਰਨ ਵਾਲਾ ਪੁਰਖ ਪ੍ਰੇਮ ਰੂਪ ਹਰੀ ਵੱਲ ਖਿੱਚਿਆ ਜਾਂਦਾ ਹੈ ਅਤੇ ਅੰਤ ਇਕ ਮਿਕ ਹੋ ਜਾਂਦਾ ਹੈ)।ਗੁਰੂ ਦੀ ਕ੍ਰਿਪਾ ਨਾਲ (ਜਦ ਇਸ ਤਰ੍ਹਾਂ ਦੀ ਜੁਗਤੀ) ਜਾਣ ਲਈਏ ਤਾਂ (ਮਨੁੱਖ) ਨਿਰਭਉ ਪ੍ਰਭੂ ਨੂੰ ਪਾ ਲੈਂਦਾ ਹੈ।੮।ਜਿਵੇਂ ਘਰ ਵਿਚ ਪਾਨਾਂ ਦੀ ਵਾੜੀ ਹੋਵੇ, ਪਰ ਗਧਾ (ਉਸ ਦੀ) ਕਦਰ ਨਹੀਂ ਜਾਣਦਾ (ਉਹ ਪਾਨਾਂ ਨੂੰ ਘਾਹ ਸਮਝ ਕੇ ਖਾ ਜਾਂਦਾ ਹੈ)।ਜੇ ਮਨੁੱਖ ਸੁਗੰਧੀ ਦਾ ਰਸੀਆ ਹੋਵੇ ਤਦ ਉਹ ਫੁੱਲ ਨੂੰ ਪਛਾਣ ਲੈਂਦਾ ਹੈ (ਮੂਰਖ ਮਨੁੱਖ ਨੂੰ ਪਤਾ ਨਹੀਂ ਕਿ ਵਾਹਿਗੁਰੂ ਹਿਰਦੇ ਵਿਚ ਹੀ ਹੈ।ਵਾਹਿਗੁਰੂ ਦਾ ਪ੍ਰੇਮੀ ਮਨੁੱਖ ਉਸ ਨੂੰ ਅਪਣੇ ਹਿਰਦੇ ਵਿਚ ਹੀ ਜਾਣ ਲੈਂਦਾ ਹੈ)।੯।ਗੁਰੂ ਨਾਨਕ ਦੇਵ ਜੀ ਆਖਦੇ ਹਨ, ਜੋ ਮਨੁੱਖ ਨਾਮ ਰੂਪ ਅੰਮ੍ਰਿਤ ਪੀਂਦਾ ਹੈ, (ਉਸ ਦਾ ਆਵਾਗਵਨ ਵਿਚ) ਭਰਮਾਉਣ ਵਾਲਾ ਭਰਮ ਮੁੱਕ ਜਾਂਦਾ ਹੈ। (ਉਹ) ਸਹਿਜ ਸੁਭਾਵਕ ਹੀ ਪ੍ਰਭੂ ਨਾਲ ਮਿਲਿਆ ਰਹਿੰਦਾ ਹੈ ਤੇ ਮੌਤ ਰਹਿਤ ਪਦਵੀ ਪਾ ਲੈਂਦਾ ਹੈ।੧੦।੧।

ਪਦਾਰਥ = ਭਉ–ਡਰ।ਚੰਦਨ–ਚੰਦਨ ਦੀ ਸੁਗੰਧੀ।ਕਾਮਣ–ਜਾਦੂ ਟੂਣੇ।ਕਾਮਣਿ–ਇਸਤ੍ਰੀ।ਤਉ–ਤਾਂ; ਤਦ।ਪਿਆਰੇ ਕਉ–ਪਿਆਰੇ ਪਤੀ ਨੂੰ।ਦਿਲਿ–ਦਿਲ ਰਾਹੀਂ (ਦਿਲੋਂ)।ਸੁ–ਉਹ।ਰੇ–ਹੇ ਭਾਈ!।ਸੋਈ–ਉਹ ਹੀ।ਬਹੁਤੇਰਾ–ਬਹੁਤਾ।ਲੋਚੀਐ–ਚਾਹੁੰਦੇ ਰਹੀਏ। ਬਾਤੀ–(ਬਾਤੀਂ) ਗੱਲਾਂ ਨਾਲ।ਮੇਲੁ–ਮਿਲਾਪ।੭।ਧਾਤੁ–(ਸੋਨਾ ਚਾਂਦੀ ਆਦਿ) ਧਾਤ।ਫੁਨਿ–ਮੁੜ ਕੇ।ਲਿਵ–ਪਿਆਰ; ਲਗਨ।ਲਿਵੈ ਕਉ–ਪਿਆਰ ਵੱਲ।ਧਾਵੈ–ਦੌੜਦਾ ਹੈ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਜਾਣੀਐ–ਸਮਝ ਲਈਏ।ਅਨਭਉ–ਭੈ ਰਹਿਤ ਪ੍ਰਭੂ।੮।ਪਾਨਾ ਵਾੜੀ–ਪਾਨਾਂ ਦੀ ਛੋਟੀ ਬਗੀਚੀ।ਘਰਿ–ਘਰ ਵਿਚ।ਖਰੁ–ਗਧਾ (ਮੂਰਖ)।ਸਾਰ–ਕਦਰ।ਰਸੀਆ–ਰਸ ਲੈਣ ਵਾਲਾ ਮਨੁੱਖ; ਪ੍ਰੇਮੀ।ਮੁਸਕ ਕਾ (ਮੁਸ਼ਕ)–ਸੁਗੰਧੀ ਦਾ।੯।ਭ੍ਰਮੁ ਭ੍ਰਮਿ–ਭਰਮਾਉਣ ਵਾਲਾ ਭਰਮ; ਭਰਮ ਅਤੇ ਆਵਾਗਵਨ (ਮ.ਕੋ.)।ਅਪਿਉ–ਨਾਮ ਰੂਪ ਅੰਮ੍ਰਿਤ।ਸਮਾਵੈ–ਮੁੱਕ ਜਾਂਦਾ ਹੈ।ਸਹਜੇ ਸਹਜੇ–ਹੌਲੀ ਹੌਲੀ; ਸਹਿਜ ਸੁਭਾਵਕ।ਅਮਰਾ ਪਦ–ਅਮਰ

ਪਦਵੀ।੧੦।੧।

ਵਿਆਖਿਆ = ਇਹ ਸ਼ਬਦ (ਜੋ ਅਸ਼ਟਪਦੀ ਦੀ ਤਰਜ ਦਾ ਹੈ, ਤੇ ਕਈਆਂ ਬੀੜਾਂ ਵਿਚ ਅਸ਼ਟਪਦੀ ਕਰਕੇ ਲਿਖਿਆ ਭੀ ਹੈ) ਕਿੜੀ ਪਠਾਣਾਂ ਵਿਚ ਉਚਾਰਨ ਹੋਇਆ ਹੈ।ਜਿਥੇ ਕਈ ਪਠਾਣ ਉਪਦੇਸ਼ ਲੈ ਕੇ ਸਿਖ ਬਣੇ ਸਨ।ਕਈਆਂ ਲਿਖਤੀ ਬੀੜਾ ਦੇ ਤਤਕਰੇ ਵਿਚ ਇਸ ਸ਼ਬਦ ਨੂੰ 'ਰਾਇਸਾ ਮਃ ੧' ਕਰਕੇ ਭੀ ਲਿਖਿਆ ਹੈ।ਸਮੁੱਚਾ ਭਾਵ ਹੈ = ਹਰੀ ਦੇ ਗੁਣ ਗਾਉਣ ਨਾਲ ਹਰੀ ਦਾ ਮੇਲ ਹੁੰਦਾ ਹੈ ।ਇਸ ਮੇਲ ਲਈ ਮਨੁੱਖਾ ਜਨਮ ਹੀ ਇਕ ਮੌਕਾ ਹੈ, ਜੇ ਇਹ ਖੁੰਝਾ ਦਿਤਾ ਤਾਂ ਪਛਤਾਣਾ ਪਵੇਗਾ।ਇਹ ਮੇਲ ਤੇ ਗੁਣ ਗਾਣਾ ਗੁਰੂ ਅਤੇ ਉਸ ਦੇ ਪਿਆਰੇ ਸਿੱਖਾਂ ਦੀ ਸੰਗਤ ਤੋਂ ਮਿਲਦਾ ਹੈ (ਸ਼ਬਦਾਰਥ ਵਿਚੋਂ)।

ਤਿਲੰਗ ਮਹਲਾ ੪ ॥ ਹਰਿ ਕੀਆ ਕਥਾ ਕਹਾਣੀਆ, ਗੁਰਿ ਮੀਤਿ ਸੁਣਾਈਆ ॥ ਬਲਿਹਾਰੀ ਗੁਰ ਆਪਣੇ, ਗੁਰ ਕਉ ਬਲਿ ਜਾਈਆ ॥੧॥ ਆਇ ਮਿਲੁ ਗੁਰ ਸਿਖ ਆਇ ਮਿਲੁ ,ਤੂ ਮੇਰੇ ਗੁਰੂ ਕੇ ਪਿਆਰੇ ॥ਰਹਾਉ॥ ਹਰਿ ਕੇ ਗੁਣ ਹਰਿ ਭਾਵਦੇ, ਸੇ ਗੁਰੂ ਤੇ ਪਾਏ ॥ ਜਿਨ ਗੁਰ ਕਾ ਭਾਣਾ ਮੰਨਿਆ, ਤਿਨ ਘੁਮਿ ਘੁਮਿ ਜਾਏ ॥੨॥ ਜਿਨ ਸਤਿਗੁਰ ਪਿਆਰਾ ਦੇਖਿਆ, ਤਿਨ ਕਉ ਹਉ ਵਾਰੀ ॥ ਜਿਨ ਗੁਰ ਕੀ ਕੀਤੀ ਚਾਕਰੀ, ਤਿਨ ਸਦ ਬਲਿਹਾਰੀ ॥੩॥ ਹਰਿ ਹਰਿ ਤੇਰਾ ਨਾਮੁ ਹੈ, ਦੁਖ ਮੇਟਣਹਾਰਾ ॥ ਗੁਰ ਸੇਵਾ ਤੇ ਪਾਈਐ, ਗੁਰ ਮੁਖਿ ਨਿਸਤਾਰਾ ॥੪॥ ਜੋ ਹਰਿ ਨਾਮੁ ਧਿਆਇਦੇ, ਤੇ ਜਨ ਪਰਵਾਨਾ ॥ ਤਿਨ ਵਿਟਹੁ ਨਾਨਕ ਵਾਰਿਆ, ਸਦਾ ਸਦਾ ਕੁਰਬਾਨਾ ॥੫॥ ਸਾ ਹਰਿ ਤੇਰੀ ਉਸਤਤਿ ਹੈ, ਜੋ ਹਰਿ ਪ੍ਰਭ ਭਾਵੈ ॥ ਜੋ ਗੁਰਮੁਖਿ ਪਿਆਰਾ ਸੇਵਦੇ, ਤਿਨ ਹਰਿ ਫਲੁ ਪਾਵੈ ॥੬॥ ਜਿਨਾ ਹਰਿ ਸੇਤੀ ਪਿਰਹੜੀ, ਤਿਨਾ ਜੀਅ ਪ੍ਰਭ ਨਾਲੇ ॥ ਓਇ ਜਪਿ ਜਪਿ ਪਿਆਰਾ ਜੀਵਦੇ, ਹਰਿ ਨਾਮੁ ਸਮਾਲੇ ॥੭॥ (ਹੇ ਭਾਈ! ਸਾਨੂੰ) ਗੁਰੂ ਮਿਤ੍ਰ ਨੇ ਹਰੀ ਦੀਆਂ ਕਥਾ ਕਹਾਣੀਆਂ ਸੁਣਾਈਆਂ ਹਨ।ਮੈਂ (ਤਨ ਕਰਕੇ) ਅਪਣੇ ਗੁਰੂ ਦੇ ਬਲਿਹਾਰ ਜਾਂਦਾ ਹਾਂ ਅਤੇ (ਮਨ ਕਰਕੇ ਵੀ) ਗੁਰੂ ਤੋਂ ਬਲਹਾਰ ਜਾਂਦਾ ਹਾਂ।੧।ਹੇ ਮੇਰੇ ਗੁਰੂ ਦੇ ਪਿਆਰੇ ਸਿੱਖ! ਤੂੰ ਆ ਕੇ ਮੈਨੂੰ ਮਿਲ, (ਛੇਤੀ) ਆ ਕੇ ਮਿਲ।ਰਹਾਉ।(ਹੇ ਗੁਰ ਸਿੱਖ!) ਹਰੀ ਦੇ ਗੁਣ ਹਰੀ ਨੂੰ ਪਿਆਰੇ ਲਗਦੇ ਹਨ, ਉਹ ਗੁਣ (ਅਸੀਂ) ਗੁਰੂ ਤੋਂ ਪ੍ਰਾਪਤ ਕੀਤੇ ਹਨ।ਜਿਨ੍ਹਾਂ (ਗੁਰਸਿੱਖਾਂ ਨੇ) ਗੁਰੂ ਦਾ ਹੁਕਮ (ਸੱਤ ਕਰਕੇ) ਮੰਨਿਆ ਹੈ, ਮੈਂ ਉਨ੍ਹਾਂ ਤੋਂ (ਮਨ ਤੇ ਸਰੀਰ ਕਰਕੇ) ਬਲਹਾਰ ਕੁਰਬਾਨ ਜਾਂਦਾ ਹਾਂ।੨।ਜਿਨ੍ਹਾਂ (ਸਿੱਖਾਂ ਨੇ) ਪਿਆਰੇ ਸਤਿਗੁਰੂ ਨੂੰ ਦੇਖਿਆ (ਦਰਸ਼ਨ ਕੀਤਾ) ਹੈ, ਮੈਂ ਉਨ੍ਹਾਂ ਤੋਂ ਵਾਰਨੇ ਜਾਂਦਾ ਹਾਂ।ਜਿਨ੍ਹਾਂ ਨੇ ਗੁਰੂ ਦੀ ਟਹਿਲ ਸੇਵਾ ਕੀਤੀ ਹੈ, ਮੈ ਉਨ੍ਹਾਂ ਤੋਂ ਸਦਾ ਬਲਹਾਰ ਹਾਂ।੩।ਹੇ ਹਰੀ! ਤੇਰਾ ਨਾਮ (ਸਾਰੇ) ਦੁਖ ਮਿਟਾ ਦੇਣ ਵਾਲਾ ਹੈ।(ਇਹ ਨਾਮ) ਗੁਰੂ ਦੀ ਸੇਵਾ ਕਰਨ ਤੇ ਪਾਈਦਾ ਹੈ ਅਤੇ ਗੁਰੂ ਦੁਆਰਾ (ਭਵਜਲ ਤੋਂ) ਪਾਰ ਉਤਾਰਾ ਹੁੰਦਾ ਹੈ।੪।ਜਿਹੜੇ ਹਰੀ ਦਾ ਨਾਮ ਧਿਆਉਂਦੇ ਹਨ, ਉਹ ਮਨੁੱਖ (ਹਰੀ ਦੀ ਦਰਗਾਹ ਵਿਚ) ਪ੍ਰਵਾਨ ਹੁੰਦੇ ਹਨ।ਨਾਨਕ ਉਨ੍ਹਾਂ ਤੋਂ (ਤਨ ਕਰਕੇ) ਵਾਰਨੇ ਜਾਂਦਾ ਹੈ ਅਤੇ (ਮਨ ਕਰਕੇ ਵੀ) ਸਦਾ ਸਦਾ ਕੁਰਬਾਨ ਹੈ।੫।(ਹੇ ਭਾਈ!) ਤੇਰੀ ਕੀਤੀ ਹੋਈ ਉਸਤਤੀ ਉਹ ਸ੍ਰੇਸਟ ਹੈ, ਜੋ ਹਰੀ ਪ੍ਰਭੂ ਨੂੰ ਚੰਗੀ ਲੱਗੇ।ਜੋ ਮਨੁੱਖ ਗੁਰੂ ਦੁਆਰਾ ਹਰੀ ਪਿਆਰੇ ਦੀ ਸੇਵਾ ਭਗਤੀ ਕਰਦੇ ਹਨ, ਉਨ੍ਹਾਂ ਦੇ (ਹਿਰਦੇ ਰੂਪ ਪੱਲੇ ਵਿਚ) ਹਰੀ ਸੁਖ ਫਲ ਪਾ ਦੇਂਦਾ ਹੈ।੬।ਜਿਨ੍ਹਾਂ ਪੁਰਖਾਂ ਦੀ ਹਰੀ ਨਾਲ ਪ੍ਰੀਤੀ ਹੈ, ਉਨ੍ਹਾਂ ਦੇ ਦਿਲ ਪ੍ਰਭੂ ਨਾਲ (ਜੁੜੇ ਹੋਏ) ਹਨ।ਉਹ ਪਿਆਰੇ ਪ੍ਰਭੂ ਨੂੰ (ਰਸਨਾ ਨਾਲ) ਜਪ ਜਪ ਕੇ ਅਤੇ (ਮਨ ਵਿਚ) ਹਰੀ ਦਾ ਨਾਮ ਯਾਦ ਕਰਕੇ ਜਿਉਂਦੇ ਹਨ।੭।

ਪਦਾਰਥ = ਕੀਆ–ਦੀਆਂ।ਕਥਾ ਕਹਾਣੀਆ–ਸਾਖੀਆਂ ਸਹਿਤ ਵਿਆਖਿਆ।ਗੁਰਿ ਮੀਤਿ–ਗੁਰੂ ਮਿਤ੍ਰ ਨੇ।ਕਉ–ਨੂੰ; ਤੋਂ।ਬਲਿ ਜਾਈਆ–ਬਲਹਾਰ ਜਾਂਦਾ ਹਾਂ।੧।ਆਇ–ਆ ਕੇ।ਗੁਰਸਿਖ–ਹੇ ਗੁਰੂ ਦੇ ਸਿੱਖ!।ਕੇ–ਦੇ।ਰਹਾਉ।ਭਾਵਦੇ–ਪਿਆਰੇ ਲਗਦੇ ਹਨ।ਸੇ –ਉਹ।ਤੇ–ਤੋਂ; ਪਾਸੋਂ।ਭਾਣਾ–ਹੁਕਮ।ਘੁਮਿ ਘੁਮਿ ਜਾਏ–(ਮਨ ਤੇ ਤਨ ਕਰਕੇ) ਕੁਰਬਾਨ ਜਾਂਦਾ ਹਾਂ।੨।ਹਉ–ਮੈਂ।ਵਾਰੀ–ਵਾਰਨੇ ਜਾਂਦਾ ਹਾਂ।ਚਾਕਰੀ–ਸੇਵਾ।ਸਦ–ਸਦਾ।੩।ਹਰਿ–ਹੇ ਹਰੀ!।ਗੁਰਮੁਖਿ–ਗੁਰੂ ਦੁਆਰਾ।ਨਿਸਤਾਰਾ–ਪਾਰ ਉਤਾਰਾ; ਮੁਕਤੀ।੪।ਤੇ ਜਨ–ਉਹ ਮਨੁੱਖ।ਪਰਵਾਨ–ਪ੍ਰਵਾਨ ਹੁੰਦੇ ਹਨ।ਤਿਨ ਵਿਟਹੁ–ਉਨ੍ਹਾਂ ਤੋਂ।ਵਾਰਿਆ–ਵਾਰਨੇ ਜਾਂਦਾ ਹੈ।੫।ਸਾ–ਉਹ।ਭਾਵੈ–ਚੰਗੀ ਲੱਗੇ ;ਪਸੰਦ ਆਵੇ।ਸੇਵਦੇ–ਸੇਵਾ ਭਗਤੀ ਕਰਦੇ ਹਨ।ਪਾਵੈ–ਪਾ ਦੇਂਦਾ ਹੈ।੬।ਸੇਤੀ–ਨਾਲ।ਪਿਰਹੜੀ–ਪ੍ਰੀਤੀ।ਤਿਨਾ ਜੀਅ–ਉਨ੍ਹਾਂ ਦੇ ਦਿਲ।ਓਇ–ਉਹ (ਬਹੁ ਵਚਨ)।ਜੀਵਦੇ–ਜਿਉਂਦੇ ਹਨ।ਸਮਾਲੇ–ਯਾਦ ਕਰਦੇ ਹਨ।੭।

ਜਿਨ ਗੁਰਮੁਖਿ ਪਿਆਰਾ ਸੇਵਿਆ, ਤਿਨ ਕਉ ਘੁਮਿ ਜਾਇਆ ॥ ਓਇ ਆਪਿ ਛੁਟੇ ਪਰਵਾਰ ਸਿਉ ,ਸਭੁ ਜਗਤੁ ਛਡਾਇਆ ॥੮॥ ਗੁਰਿ ਪਿਆਰੈ ਹਰਿ ਸੇਵਿਆ, ਗੁਰੁ ਧੰਨੁ ਗੁਰੁ ਧੰਨੋ ॥ ਗੁਰਿ ਹਰਿ ਮਾਰਗੁ ਦਸਿਆ, ਗੁਰ ਪੁੰਨੁ ਵਡ ਪੁੰਨੋ ॥੯॥ (ਹੇ ਭਾਈ!) ਜਿਨ੍ਹਾਂ ਮਨੁੱਖਾਂ ਨੇ ਗੁਰ ਦੀ ਸ਼ਰਣ ਵਿਚ ਪੈ ਕੇ ਪਿਆਰਾ ਪ੍ਰਭੂ ਸੇਵਿਆ (ਪੂਜਿਆ) ਹੈ, ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ।ਉਹ ਆਪ ਸਾਰੇ

ਪ੍ਰਵਾਰ ਸਮੇਤ (ਜਨਮ ਮਰਨ ਤੋਂ) ਛੁਟ ਗਏ ਹਨ ਅਤੇ (ਉਨ੍ਹਾਂ ਨੇ ਗੁਰੂ ਦਾ ਉਪਦੇਸ਼ ਦੇ ਕੇ) ਸਾਰੇ ਜਗਤ ਨੂੰ ਵੀ ਛਡਾ ਲਿਆ ਹੈ।੮। (ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ) ਪਿਆਰੇ ਗੁਰੂ ਰਾਹੀਂ ਹਰੀ ਨੂੰ ਸੇਵਿਆ ਹੈ, (ਉਹ) ਗੁਰੂ ਧੰਨ ਹੈ, ਗੁਰੂ ਧੰਨ ਹੈ।ਗੁਰੂ ਨੇ ਮੈਨੂੰ ਹਰੀ ਦੇ ਮਿਲਣ ਦਾ ਰਸਤਾ ਦਸਿਆ ਹੈ, (ਸਾਡੇ ਉਤੇ ਇਹ) ਗੁਰੂ ਦਾ ਪੁੰਨ ਹੈ, ਵੱਡਾ ਪੁੰਨ ਹੈ।੯।

ਅੰਗ ੭੨੬ = ਜੋ ਗੁਰਸਿਖ ਗੁਰੁ ਸੇਵਦੇ, ਸੇ ਪੁੰਨ ਪਰਾਣੀ ॥ ਜਨੁ ਨਾਨਕੁ ਤਿਨ ਕਉ ਵਾਰਿਆ, ਸਦਾ ਸਦਾ ਕੁਰਬਾਣੀ ॥੧੦॥ ਗੁਰਮੁਖਿ ਸਖੀ ਸਹੇਲੀਆ, ਸੇ ਆਪਿ ਹਰਿ ਭਾਈਆ ॥ ਹਰਿ ਦਰਗਹ ਪੈਨਾਈਆ, ਹਰਿ ਆਪਿ ਗਲਿ ਲਾਈਆ ॥੧੧॥ ਜੋ ਗੁਰਮੁਖਿ ਨਾਮੁ ਧਿਆਇਦੇ, ਤਿਨ ਦਰਸਨੁ ਦੀਜੈ ॥ ਹਮ ਤਿਨ ਕੇ ਚਰਣ ਪਖਾਲਦੇ, ਧੂੜਿ ਘੋਲਿ ਘੋਲਿ ਪੀਜੈ ॥੧੨॥ ਪਾਨ ਸੁਪਾਰੀ ਖਾਤੀਆ, ਮੁਖਿ ਬੀੜੀਆ ਲਾਈਆ ॥ ਹਰਿ ਹਰਿ ਕਦੇ ਨ ਚੇਤਿਓ, ਜਮਿ ਪਕੜਿ ਚਲਾਈਆ ॥੧੩॥ ਜਿਨ ਹਰਿ ਨਾਮਾ ਹਰਿ ਚੇਤਿਆ, ਹਿਰਦੈ ਉਰਿ ਧਾਰੇ ॥ ਤਿਨ ਜਮੁ ਨੇੜਿ ਨ ਆਵਈ, ਗੁਰਸਿਖ ਗੁਰ ਪਿਆਰੇ ॥੧੪॥ ਹਰਿ ਕਾ ਨਾਮ ਨਿਧਾਨੁ ਹੈ, ਕੋਈ ਗੁਰਮੁਖਿ ਜਾਣੈ ॥ ਨਾਨਕ ਜਿਨ ਸਤਿਗੁਰੁ ਭੇਟਿਆ, ਰੰਗਿ ਰਲੀਆ ਮਾਣੈ ॥੧੫॥ ਜਿਹੜੇ ਗੁਰਸਿੱਖ ਗੁਰੂ ਦੀ ਸੇਵਾ ਕਰਦੇ ਹਨ, ਉਹ ਪ੍ਰਾਣੀ ਪਵਿਤ੍ਰ ਹਨ ।ਦਾਸ ਨਾਨਕ ਉਨ੍ਹਾਂ ਤੋਂ (ਸਰੀਰ ਕਰਕੇ) ਵਾਰਨੇ ਜਾਂਦਾ ਹੈ ਅਤੇ (ਉਨ੍ਹਾਂ ਤੋਂ ਮਨ ਕਰਕੇ ਵੀ) ਸਦਾ ਸਦਾ ਕੁਰਬਾਨ ਜਾਣ ਵਾਲਾ ਹੈ। ੧੦।ਜੋ ਗੁਰਮੁਖ ਸਖੀ ਸਹੇਲੀਆਂ ਹਨ, ਉਹ ਹਰੀ ਨੂੰ ਆਪ ਹੀ ਪਿਆਰੀਆਂ ਲੱਗੀਆਂ ਹਨ।ਹਰੀ ਦੀ ਦਰਗਾਹ ਵਿਚ (ਉਨ੍ਹਾਂ ਨੂੰ) ਸਿਰੋਪਾ ਪਹਿਨਾਇਆ ਗਿਆ (ਸਨਮਾਨ ਮਿਲਿਆ), ਹਰੀ ਨੇ ਆਪ (ਉਹ ਅਪਣੇ) ਗਲ ਨਾਲ ਲਾ ਲਈਆਂ ਹਨ।੧੧।(ਹੇ ਹਰੀ!) ਜਿਹੜੇ ਮਨੁੱਖ ਗੁਰੂ ਦੁਆਰਾ ਤੇਰਾ ਨਾਮ ਧਿਆਉਂਦੇ ਹਨ, (ਮੈਨੂੰ) ਉਨ੍ਹਾਂ ਦਾ ਦਰਸ਼ਨ ਕਰਾ ਦਿਓ।ਅਸੀਂ ਉਨ੍ਹਾਂ ਦੇ ਚਰਨ ਧੋਂਦੇ ਰਹੀਏ ਅਤੇ ਚਰਨ ਧੂੜ (ਪਾਣੀ ਵਿਚ) ਘੋਲ ਘੋਲ ਕੇ ਪੀਂਦੇ ਰਹੀਏ।੧੨।(ਜੋ ਜੀਵ ਇਸਤ੍ਰੀਆਂ) ਪਾਨ ਸੁਪਾਰੀ ਖਾਂਦੀਆਂ ਹਨ ਅਤੇ ਮੂੰਹ ਵਿਚ ਪਾਨਾਂ ਦੀਆਂ ਬੀੜੀਆਂ ਲਾਈਆਂ ਹੋਈਆਂ ਹਨ; ਮੂੰਹ ਤੇ ਸੁਰਖੀ ਬਿੰਦੀ ਲਾਉਂਦੀਆਂ ਹਨ (ਵਿਸ਼ੇ ਭੋਗਦੇ ਹਨ।ਉਨ੍ਹਾਂ ਨੇ) ਕਦੇ ਹਰੀ ਦਾ ਨਾਮ ਨਹੀਂ ਸਿਮਰਿਆ, (ਉਹ) ਜਮਦੂਤਾਂ ਨੇ ਫੜ ਕੇ (ਨਰਕ ਨੂੰ ਜਾਣ ਵਾਸਤੇ) ਤੋਰ ਲਈਆਂ ਹਨ।੧੩।ਜਿਨ੍ਹਾਂ ਪੁਰਖਾਂ ਨੇ ਹਰੀ ਦਾ ਨਾਮ ਹਿਰਦੇ ਦੇ ਧੁਰ ਅੰਦਰ ਧਾਰਨ ਕਰਕੇ ਸਿਮਰਿਆ ਹੈ।ਉਨ੍ਹਾਂ ਗੁਰੂ ਦੇ ਪਿਆਰੇ ਗੁਰਸਿੱਖਾਂ ਦੇ ਨੇੜੇ ਜਮਦੂਤ ਨਹੀਂ ਆਉਂਦੇ ।੧੪।(ਹੇ ਭਾਈ!) ਗੁਰ ਦੀ ਸ਼ਰਣ ਵਿਚ ਪੈ ਕੇ ਕੋਈ ਵਿਰਲਾ ਮਨੁੱਖ ਜਾਣਦਾ ਹੈ ਕਿ ਹਰੀ ਦਾ ਨਾਮ ਸੁੱਖਾਂ ਦਾ ਖਜਾਨਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੂੰ ਸਤਿਗੁਰੂ ਮਿਲਿਆ ਹੈ, (ਉਹ) ਅਨੰਦ ਤੇ ਖੁਸ਼ੀਆਂ ਮਾਣਦੇ ਹਨ।੧੫।

ਪਦਾਰਥ = ਜਿਨ ਗੁਰਮੁਖਿ–ਜਿਨ੍ਹਾਂ ਗੁਰਮੁਖਾਂ ਨੇ।ਸੇਵਿਆ–ਪੂਜਿਆ; ਸੇਵਾ ਭਗਤੀ ਕੀਤੀ।ਤਿਨ ਕਉ–ਉਨ੍ਹਾਂ ਤੋਂ।ਘੁਮਿ ਜਾਇਆ–ਸਦਕੇ ਜਾਂਦਾ ਹਾਂ।ਓਇ–ਉਹ।ਛੁਟੇ–ਛੁਟ (ਮੁਕਤ ਹੋ) ਗਏ।ਸਿਉ–ਸਮੇਤ।ਛਡਾਇਆ–ਛਡਾ ਲਿਆ।੮।ਗੁਰਿ ਪਿਆਰੈ–ਪਿਆਰੇ ਗੁਰੂ ਰਾਹੀਂ।ਧੰਨੁ–ਧੰਨਤਾ ਦੇ ਯੋਗ।ਮਾਰਗੁ–ਰਸਤਾ।ਵਡ ਪੁੰਨੋ–ਵੱਡਾ ਉਪਕਾਰ।੯।ਸੇਵਦੇ–ਸੇਵਾ (ਜਾਂ ਪੂਜਾ) ਕਰਦੇ ਹਨ।ਸੇ–ਉਹ।ਪੁੰਨ–ਪਵਿਤ੍ਰ; ਉਤਮ ਪੁਰਖ; ਪਰਉਪਕਾਰੀ।ਪਰਾਣੀ–ਮਨੁੱਖ।ਜਨੁ ਨਾਨਕੁ–ਦਾਸ ਨਾਨਕ।ਕੁਰਬਾਣੀ–ਕੁਰਬਾਨ ਜਾਣ ਵਾਲਾ। ਵਾਰਿਆ–ਵਾਰਨੇ ਜਾਂਦਾ ਹੈ।੧੦।ਭਾਈਆ–ਪਸੰਦ ਆਈਆਂ; ਪਿਆਰੀਆਂ ਲੱਗੀਆਂ।ਪੈਨਾਈਆ–ਸਿਰੋਪਾ ਪਹਿਨਾਇਆ ਗਿਆ; ਸਨਮਾਨ ਮਿਲਿਆ।ਗਲਿ–ਗਲ ਨਾਲ।੧੧।ਦੀਜੈ–ਦੇ ਦਿਓ।ਪਖਾਲਦੇ–ਧੋਂਦੇ ਰਹੀਏ।ਧੂੜਿ–ਚਰਨ ਧੂੜ।ਪੀਜੈ–ਪੀਂਦੇ ਰਹੀਏ। ੧੨।ਖਾਤੀਆ–ਖਾਂਦੀਆਂ ਹਨ।ਮੁਖਿ–ਮੂੰਹ ਵਿਚ; ਮੂੰਹ ਉਤੇ।ਬੀੜੀਆ–ਪਾਨਾਂ ਦੇ ਬੀੜੇ; ਸੁਰਖੀ ਬਿੰਦੀ (ਸੰ.ਸ.; ਗੁ.ਗ੍ਰੰ. ਕੋਸ਼; ਫ.ਸ.)।ਚੇਤਿਓ–ਸਿਮਰਿਆ।ਜਮਿ–ਜਮ ਨੇ।ਪਕੜਿ ਚਲਾਈਆ–ਫੜ ਕੇ ਤੋਰ ਲਈਆਂ।੧੩।ਹਿਰਦੈ ਉਰਿ–ਧੁਰ ਹਿਰਦੇ ਦੇ ਅੰਦਰ ।ਧਾਰੇ–ਟਿਕਾ ਕੇ।ਨ ਆਵਈ–ਨਹੀਂ ਆਉਂਦੇ।੧੪।ਨਿਧਾਨੁ–ਖਜਾਨਾ।ਕੋਈ–ਕੋਈ ਵਿਰਲਾ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਭੇਟਿਆ–ਮਿਲਿਆ ਹੈ।ਰੰਗਿ ਰਲੀਆ ਮਾਣੈ–ਅਨੰਦ ਤੇ ਖੁਸ਼ੀਆਂ ਭੋਗਦੇ ਹਨ; (ਗੁਰੂ ਨਾਲ) ਪ੍ਰੇਮ ਹੋਣ ਕਰਕੇ ਖੁਸ਼ੀਆਂ ਮਾਣਦੇ ਹਨ ।੧੫।

ਸਤਿਗੁਰੁ ਦਾਤਾ ਆਖੀਐ, ਤੁਸਿ ਕਰੇ ਪਸਾਓ ॥ ਹਉ ਗੁਰ ਵਿਟਹੁ ਸਦ ਵਾਰਿਆ, ਜਿਨਿ ਦਿਤੜਾ ਨਾਓ ॥੧੬॥ ਸੋ ਧੰਨੁ ਗੁਰੂ ਸਾਬਾਸਿ ਹੈ, ਹਰਿ ਦੇਇ ਸਨੇਹਾ ॥ ਹਉ ਵੇਖਿ ਵੇਖਿ ਗੁਰੂ ਵਿਗਸਿਆ, ਗੁਰ ਸਤਿਗੁਰ ਦੇਹਾ ॥੧੭॥ ਗੁਰ ਰਸਨਾ ਅੰਮ੍ਰਿਤੁ ਬੋਲਦੀ, ਹਰਿ ਨਾਮਿ ਸੁਹਾਵੀ ॥ ਜਿਨ ਸੁਣਿ ਸਿਖਾ ਗੁਰੁ ਮੰਨਿਆ, ਤਿਨਾ ਭੁਖ ਸਭ ਜਾਵੀ ॥੧੮॥ ਹਰਿ ਕਾ ਮਾਰਗੁ ਆਖੀਐ, ਕਹੁ ਕਿਤੁ ਬਿਧਿ ਜਾਈਐ ॥ ਹਰਿ ਹਰਿ ਤੇਰਾ ਨਾਮੁ ਹੈ, ਹਰਿ ਖਰਚੁ ਲੈ ਜਾਈਐ ॥੧੯॥ ਜਿਨ ਗੁਰਮੁਖਿ ਹਰਿ ਆਰਾਧਿਆ, ਸੇ ਸਾਹ ਵਡ

ਦਾਣੇ ॥ ਹਉ ਸਤਿਗੁਰ ਕਉ ਸਦ ਵਾਰਿਆ, ਗੁਰ ਬਚਨਿ ਸਮਾਣੇ ॥੨੦॥ ਤੂ ਠਾਕੁਰੁ ਤੂ ਸਾਹਿਬੋ, ਤੂ ਹੈ ਮੇਰਾ ਮੀਰਾ ॥ ਤੁਧੁ ਭਾਵੈ ਤੇਰੀ ਬੰਦਗੀ, ਤੂ ਗੁਣੀ ਗਹੀਰਾ ॥੨੧॥ ਆਪੇ ਹਰਿ ਇਕ ਰੰਗੁ ਹੈ, ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ, ਸਾਈ ਗਲ ਚੰਗੀ ॥੨੨॥੨॥ (ਹੇ ਭਾਈ!) ਸਤਿਗੁਰੂ ਨੂੰ (ਨਾਮ ਦਾ) ਦਾਤਾ ਆਖਿਆ ਜਾਂਦਾ ਹੈ, ਜੋ ਪ੍ਰਸੰਨ ਹੋ ਕੇ (ਨਾਮ ਦੇਣ ਦੀ) ਕ੍ਰਿਪਾ ਕਰਦਾ ਹੈ। ਮੈਂ ਗੁਰੂ ਤੋਂ ਸਦਾ ਹੀ ਵਾਰਨੇ ਜਾਂਦਾ ਹਾਂ, ਜਿਸ ਨੇ (ਮੈਨੂੰ ਹਰੀ ਦਾ) ਨਾਮ ਦਿਤਾ ਹੈ।੧੬। ਉਹ ਗੁਰੂ ਧੰਨ ਹੈ, (ਉਸ ਨੂੰ) ਸ਼ਾਬਾਸ਼ ਹੈ, ਜੋ ਹਰੀ ਦਾ (ਨਾਮ ਜਪਣ ਦਾ) ਸਨੇਹਾ ਦੇਂਦਾ ਹੈ। ਪੂਜਨੀਕ ਸਤਿਗੁਰੂ ਦਾ ਜੋ ਸਰੂਪ ਹੈ, ਮੈਂ (ਉਸ) ਗੁਰੂ ਨੂੰ ਦੇਖ ਦੇਖ (ਦਰਸ਼ਨ ਕਰ) ਕੇ ਖੁਸ਼ੀ ਨਾਲ ਖਿੜ ਗਿਆ ਹਾਂ।੧੭। ਗੁਰੂ ਦੀ ਰਸਨਾ ਅੰਮ੍ਰਿਤ ਰੂਪ ਨਾਮ ਉਚਾਰਦੀ ਹੈ, ਹਰੀ ਦਾ ਨਾਮ (ਉਚਾਰਨ) ਕਰਕੇ (ਰਸਨਾ) ਸੋਭਾ ਵਾਲੀ ਹੈ। ਜਿਨ੍ਹਾਂ ਸਿੱਖਾਂ ਨੇ ਗੁਰੂ ਦਾ ਉਪਦੇਸ਼ ਸੁਣ ਕੇ ਮੰਨਿਆ ਹੈ, ਉਨ੍ਹਾਂ ਦੀ (ਪਦਾਰਥਾਂ ਦੀ) ਸਾਰੀ ਭੁਖ ਚਲੀ ਜਾਂਦੀ ਹੈ।੧੮। (ਹੇ ਭਾਈ! ਜੋ) ਹਰੀ ਦੇ ਮਿਲਣ ਦਾ ਰਸਤਾ ਕਿਹਾ ਜਾਂਦਾ ਹੈ, ਦੱਸੋ (ਉਸ ਰਸਤੇ ਉਤੇ) ਕਿਸ ਤਰੀਕੇ ਨਾਲ ਤੁਰੀਏ? ਹਰੀ ਦਾ ਨਾਮ ਹੀ ਤੇਰਾ ਸਹਾਇਕ ਹੈ, (ਇਸ ਕਰਕੇ) ਹਰੀ ਦਾ ਨਾਮ ਖਰਚ ਵੱਜੋਂ (ਪ੍ਰਲੋਕ ਜਾਣ ਵੇਲੇ ਨਾਲ) ਲੈ ਕੇ ਜਾਣਾ ਚਾਹੀਦਾ ਹੈ।੧੯। (ਹੇ ਭਾਈ!) ਜਿਨ੍ਹਾਂ ਨੇ ਗੁਰੂ ਦੀ ਸ਼ਰਣ ਵਿਚ ਪੈ ਕੇ ਹਰੀ ਦਾ ਨਾਮ ਸਿਮਰਿਆ ਹੈ, ਉਹ ਵੱਡੇ ਸਿਆਣੇ ਸ਼ਾਹ (ਧਨਾਢ) ਹਨ। ਮੈਂ ਸਤਿਗੁਰੂ ਤੋਂ ਸਦਾ ਵਾਰਨੇ ਜਾਂਦਾ ਹਾਂ, (ਉਨ੍ਹਾਂ ਗੁਰਮੁਖਾਂ ਤੋਂ ਵੀ ਸਦਕੇ ਜਾਂਦਾ ਹਾਂ, ਜੋ) ਗੁਰੂ ਦੇ ਬਚਨਾਂ ਵਿਚ ਸਮਾ (ਟਿਕ) ਗਏ ਹਨ (ਸ਼ਬਦਾਰਥ) ;ਮੈਂ ਗੁਰੂ ਦੇ ਉਪਦੇਸ਼ ਦੁਆਰਾ (ਪ੍ਰਭੂ ਨਾਲ) ਮਿਲ ਗਿਆ ਹਾਂ।੨੦। (ਹੇ ਪ੍ਰਭੂ! ਪਿਛਲੇ ਸਮੇਂ ਵਿਚ ਸਭ ਦਾ) ਤੂੰ ਹੀ ਮਾਲਕ ਸੀ, (ਆਉਣ ਵਾਲੇ ਸਮੇਂ ਵਿਚ ਵੀ ਸਭ ਦਾ) ਤੂੰ ਹੀ ਮਾਲਕ ਹੋਵੇਂਗਾ ਅਤੇ ਹੁਣ ਵੀ ਤੂੰ ਹੀ ਮੇਰਾ ਪਾਤਸ਼ਾਹ ਹੈਂ। ਤੈਨੂੰ ਤੇਰੀ ਬੰਦਗੀ ਹੀ ਚੰਗੀ ਲਗਦੀ ਹੈ (ਇਸ ਤੋਂ ਬਿਨਾ ਹੋਰ ਕਰਮ ਕਾਂਡ ਤੈਨੂੰ ਨਹੀਂ ਭਾਉਂਦਾ), ਤੂੰ ਅਥਾਹ ਗੁਣਾਂ ਵਾਲਾ ਹੈਂ।੨੧। (ਹੇ ਭਾਈ!) ਹਰੀ ਆਪੇ ਇਕ ਰੰਗ ਹੈ (ਨਿਰਗੁਣ ਸਰੂਪ ਹੈ) ਅਤੇ ਉਹ ਆਪੇ ਬਹੁ ਰੰਗੀ (ਅਨੇਕਾਂ ਰੂਪਾਂ ਵਾਲਾ) ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਹੀ ਗਲ (ਸਾਰੇ ਜੀਵਾਂ ਲਈ) ਚੰਗੀ ਹੈ।੨੨।੨।

ਪਦਾਰਥ = ਦਾਤਾ–(ਨਾਮ ਦੀ ਦਾਤ) ਦੇਣ ਵਾਲਾ। ਤੁਸਿ–ਪ੍ਰਸੰਨ ਹੋ ਕੇ। ਪਸਾਓ–ਕ੍ਰਿਪਾ। ਹਉ–ਮੈਂ। ਵਿਟਹੁ–ਤੋਂ। ਵਾਰਿਆ–ਕੁਰਬਾਨ ਹਾਂ। ਸਦ–ਸਦਾ। ਜਿਨਿ–ਜਿਸ ਨੇ। ਦਿਤੜਾ–ਦਿਤਾ ਹੈ। ਨਾਓ–ਨਾਮ।੧੬। ਸੋ–ਉਹ। ਸਾਬਾਸਿ–ਸਲਾਹੁਣ ਯੋਗ; ਧੰਨਤਾ ਦੇ ਯੋਗ। ਦੇਇ –ਦੇਂਦਾ ਹੈ। ਵਿਗਸਿਆ–ਖੁਸ਼ੀ ਨਾਲ ਖਿੜ ਗਿਆ ਹਾਂ। ਦੇਹਾ–ਸਰੀਰ (ਸਰੂਪ)।੧੭। ਰਸਨਾ–ਜੀਭ। ਅੰਮ੍ਰਿਤੁ–ਮ੍ਰਿਤੂ ਤੋਂ ਰਹਿਤ ਕਰ ਦੇਣ ਵਾਲਾ ਨਾਮ। ਬੋਲਦੀ–ਉਚਾਰਦੀ ਹੈ। ਨਾਮਿ ਸੁਹਾਵੀ–ਨਾਮ ਦੇ ਉਚਾਰਨ ਕਰਕੇ ਸੋਭਾ ਵਾਲੀ ਹੈ। ਸਿਖਾ–ਸਿੱਖਾਂ ਨੇ। ਤਿਨਾ–ਉਨ੍ਹਾਂ ਦੀ। ਜਾਵੀ–ਚਲੀ ਜਾਂਦੀ ਹੈ।੧੮। ਮਾਰਗੁ–ਰਸਤਾ। ਕਹੁ–ਕਹੋ (ਦੱਸੋ)। ਕਿਤੁ ਬਿਧਿ–ਕਿਸ ਤਰੀਕੇ ਨਾਲ। ਖਰਚੁ–ਤੋਸਾ (ਰਸਤੇ ਦੀ ਖੁਰਾਕ)।੧੯। ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪੈ ਕੇ। ਆਰਾਧਿਆ–ਸਿਮਰਿਆ। ਸੇ–ਉਹ। ਸਾਹ–ਸ਼ਾਹ (ਧਨਾਢ)। ਦਾਣੇ–ਅਕਲ ਵੰਦ (ਸਿਆਣੇ)। ਕਉ–ਨੂੰ; ਤੋਂ। ਸਦ ਵਾਰਿਆ–ਸਦਾ ਵਾਰਨੇ ਜਾਂਦਾ ਹਾਂ। ਬਚਨਿ–ਉਪਦੇਸ਼ ਵਿਚ। ਸਮਾਣੇ–ਟਿਕ ਗਏ।੨੦। ਠਾਕੁਰ –ਮਾਲਕ; ਪੂਜਨੀਕ। ਸਾਹਿਬੋ–ਮਾਲਕ। ਮੀਰਾ–ਪਾਤਸ਼ਾਹ; ਹਾਕਮ। ਤੁਧੁ–ਤੈਨੂੰ। ਗੁਣੀ ਗਹੀਰਾ–ਅਥਾਹ ਗੁਣਾਂ ਵਾਲਾ।੨੧। ਇਕ ਰੰਗੁ–ਇਕ ਰੂਪ ਵਾਲਾ (ਨਿਰਗੁਣ ਸਰੂਪ)। ਬਹੁ ਰੰਗੀ–ਬੇਅੰਤ ਰੂਪਾਂ ਵਾਲਾ। ਭਾਵੈ–ਚੰਗੀ ਲਗਦੀ ਹੈ। ਸਾਈ–ਉਹ ਹੀ।੨੨।੨।

ਤਿਲੰਗ ਮਹਲਾ ੯ ਕਾਫੀ ੴ ਸਤਿਗੁਰ ਪ੍ਰਸਾਦਿ ॥ ਚੇਤਨਾ ਹੈ ਤਉ ਚੇਤ ਲੈ, ਨਿਸਿ ਦਿਨਿ ਮੈ ਪ੍ਰਾਨੀ ॥ ਛਿਨੁ ਛਿਨੁ ਅਉਧ ਬਿਹਾਤੁ ਹੈ, ਫੂਟੈ ਘਟ ਜਿਉ ਪਾਨੀ ॥੧॥ਰਹਾਉ॥ ਹਰਿ ਗੁਨ ਕਾਹੇ ਨ ਗਾਵਹੀ, ਮੂਰਖ ਅਗਿਆਨਾ ॥ ਝੂਠੈ ਲਾਲਚਿ ਲਾਗਿ ਕੈ, ਨਹ ਮਰਨੁ ਪਛਾਨਾ ॥੧॥ ਅਜਹੂ ਕਛੁ ਬਿਗਰਿਓ ਨਹੀ, ਜੋ ਪ੍ਰਭ ਗੁਨ ਗਾਵੈ ॥ ਕਹੁ ਨਾਨਕ ਤਿਹ ਭਜਨ ਤੇ, ਨਿਰਭੈ ਪਦੁ ਪਾਵੈ ॥੨॥੧॥ ਹੇ ਪ੍ਰਾਣੀ! (ਜੇ ਤੈਨੂੰ) ਸਮਝ ਹੈ; (ਜੇ ਤੈਂ) ਸਿਮਰਨਾ ਹੈ ਤਾਂ ਰਾਤ ਦਿਨ (ਹਰ ਸਮੇਂ ਇਸੇ ਜਨਮ) ਵਿਚ ਯਾਦ ਕਰ ਲੈ। (ਕਿਉਂਕਿ ਤੇਰੀ) ਉਮਰ ਹਰੇਕ ਪਲ ਬੀਤਦੀ ਜਾ ਰਹੀ ਹੈ, ਜਿਵੇਂ ਫੁੱਟੇ ਘੜੇ ਵਿਚੋਂ ਪਾਣੀ ਰਿਸਦਾ ਰਹਿੰਦਾ ਹੈ (ਸੁਆਸ ਮੁੱਕਦੇ ਜਾ ਰਹੇ ਹਨ)।੧। ਰਹਾਉ। ਹੇ ਗਿਆਨ ਹੀਣ ਮੂਰਖ ਬੰਦੇ! ਤੂੰ ਹਰੀ ਦੇ ਗੁਣ ਕਿਉਂ ਨਹੀਂ ਗਾਉਂਦਾ? ਝੂਠੇ ਪਦਾਰਥਾਂ ਦੇ ਲਾਲਚ ਵਿਚ ਲਗ ਕੇ (ਤੈਂ ਅਪਣੀ) ਮੌਤ ਨੂੰ ਨਹੀਂ ਪਛਾਣਿਆ।੧। (ਹੇ ਮੂਰਖ!) ਅਜੇ ਵੀ ਕੁਛ ਨਹੀਂ ਬਿਗੜਿਆ, ਜੇ ਤੂੰ ਹਰੀ ਦੇ ਗੁਣ ਗਾਉਣ ਲਗ ਜਾਵੇਂ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਹਰੀ ਦੇ ਭਜਨ ਕਰਨ ਨਾਲ ਨਿਰਭੈ ਪਦਵੀ ਪਾ ਲਵੇਂਗਾ।੨।੧।

ਪਦਾਰਥ = ਚੇਤਨਾ–ਸਮਝ; ਬੁੱਧੀ। ਤਉ–ਤਾਂ। ਚੇਤ ਲੈ–ਯਾਦ ਕਰ ਲੈ। ਨਿਸਿ ਦਿਨਿ ਮੈ–ਰਾਤ ਦਿਨ ਵਿਚ (ਹਰ ਸਮੇਂ)। ਪ੍ਰਾਨੀ–ਹੇ ਮਨੁੱਖ!। ਛਿਨੁ ਛਿਨੁ–ਹਰੇਕ ਪਲ। ਅਉਧ–ਉਮਰ। ਬਿਹਾਤੁ ਹੈ–ਬੀਤਦੀ ਜਾਂਦੀ ਹੈ। ਫੂਟੇ ਘਟ–ਫੁੱਟੇ (ਤਿੜਕੇ) ਹੋਏ ਘੜੇ ਵਿਚੋਂ।

ਜਿਉ–ਜਿਵੇਂ।੧।ਰਹਾਉ।ਕਾਹੇ–ਕਿਉਂ।ਨ ਗਾਵਹੀ–ਗਾਉਂਦਾ ਨਹੀਂ।ਅਗਿਆਨਾ–ਹੇ ਗਿਆਨ ਹੀਣ (ਬੇ ਸਮਝ) ਮਨੁੱਖ!।ਝੂਠੈ–ਝੂਠੇ (ਨਾਸ਼ ਵੰਤ)।ਲਾਲਚਿ–ਲਾਲਚ ਵਿਚ।ਲਾਗਿ ਕੈ–ਲਗ (ਫਸ) ਕੇ।ਮਰਨੁ–ਮੌਤ।੧।ਅਜਹੂ–ਅਜੇ ਵੀ।ਜੋ–ਜੇ।ਗਾਵੈ–ਗਾਉਣ ਲਗ ਜਾਵੇਂ। ਤਿਹ–ਉਸ ਦੇ।ਤੇ–ਨਾਲ; ਤੋਂ।ਨਿਰਭੈ ਪਦੁ–ਭੈ ਰਹਿਤ ਆਤਮਕ ਪਦਵੀ, ਜਿਥੇ ਮੌਤ ਦਾ ਡਰ ਨਹੀਂ ਰਹਿੰਦਾ।੨।੧।

ਕਾਫੀ = ਇਹ ਇਕ ਸੰਪੂਰਨ ਰਾਗਨੀ ਹੈ, ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਫੀ ਵੱਖਰੀ ਨਹੀਂ ਲਿਖੀ ਹੋਈ, ਆਸਾ, ਤਿਲੰਗ, ਸੂਹੀ ਅਤੇ ਮਾਰੂ ਨਾਲ ਮਿਲਾ ਕੇ ਲਿਖੀ ਹੋਈ ਹੈ (ਮ. ਕੋ.)।

ਤਿਲੰਗ ਮਹਲਾ ੯ ॥ ਜਾਗ ਲੇਹੁ ਰੇ ਮਨਾ ਜਾਗ ਲੇਹੁ ,ਕਹਾ ਗਾਫਲ ਸੋਇਆ ॥ ਜੋ ਤਨੁ ਉਪਜਿਆ ਸੰਗ ਹੀ, ਸੋ ਭੀ ਸੰਗਿ ਨ ਹੋਇਆ ॥੧॥ਰਹਾਉ॥ ਮਾਤ ਪਿਤਾ ਸੁਤ ਬੰਧ ਜਨ, ਹਿਤੁ ਜਾ ਸਿਉ ਕੀਨਾ ॥ ਜੀਉ ਛੂਟਿਓ ਜਬ ਦੇਹ ਤੇ, ਡਾਰਿ ਅਗਨਿ ਮੈ ਦੀਨਾ ॥੧॥ (ਉਤਮ ਪੁਰਖ ਰਾਹੀਂ ਉਪਦੇਸ਼ ਦੇਂਦੇ ਹਨ) ਹੇ ਮਨ! (ਮੋਹ ਮਾਇਆ ਦੀ ਨੀਂਦ ਵਿਚੋਂ) ਜਾਗਦਾ ਰਹਿ (ਸੁਚੇਤ ਹੋ ਜਾ), ਜਾਗ ਕੇ ਨਾਮ ਜਪ ਲੈ; ਗਿਆਨ ਰੂਪ ਜਾਗ੍ਰਤ ਅਵਸਥਾ ਪ੍ਰਾਪਤ ਕਰ ਲੈ, ਤੂੰ ਕਿਉਂ ਬੇਖਬਰ ਹੋ ਕੇ ਸੁੱਤਾ ਪਿਆ ਹੈਂ? ਜਿਹੜਾ ਤਨ (ਤੇਰੇ) ਨਾਲ ਹੀ ਪੈਦਾ ਹੋਇਆ ਹੈ, (ਮਰਨ ਸਮੇਂ) ਉਹ ਵੀ (ਕਦੇ ਕਿਸੇ ਦਾ) ਸਾਥੀ ਨਹੀਂ ਹੋਇਆ (ਅੱਗੇ ਜੀਵਾਤਮਾ ਇਕੱਲਾ ਜਾਂਦਾ ਹੈ)।੧।ਰਹਾਉ।(ਹੇ ਭਾਈ!) ਮਾਤਾ, ਪਿਤਾ, ਪੁਤ੍ਰ ,ਸਬੰਧੀ ਤੇ ਇਸਤਰੀ, ਜਿਨ੍ਹਾਂ ਨਾਲ (ਵੀ ਮਨੁੱਖ ਨੇ) ਪਿਆਰ ਕੀਤਾ ਹੈ।ਜਦੋਂ ਸਰੀਰ ਤੋਂ ਜੀਵਾਤਮਾ ਅਲੱਗ ਹੋਇਆ (ਪ੍ਰਾਣ ਨਿਕਲੇ, ਤਾਂ ਉਹੀ ਸਬੰਧੀਆਂ ਨੇ ਇਸ ਨੂੰ) ਅੱਗ ਵਿਚ ਪਾ (ਜਲਾ) ਦਿਤਾ ਹੈ।੧।

ਅੰਗ ੭੨੭ = ਜੀਵਤ ਲਉ ਬਿਉਹਾਰੁ ਹੈ, ਜਗ ਕਉ ਤੁਮ ਜਾਨਉ ॥ ਨਾਨਕ ਹਰਿ ਗੁਨ ਗਾਇ ਲੈ, ਸਭ ਸੁਫਨ ਸਮਾਨਉ ॥੨॥੨॥ (ਹੇ ਭਾਈ!) ਜਗਤ ਨੂੰ ਤੂੰ (ਇਸ ਤਰ੍ਹਾਂ) ਜਾਣ, (ਇਥੇ ਸਬੰਧੀਆਂ ਨਾਲ ਤੇਰਾ) ਜਿਉਂਦਿਆ ਤਕ ਹੀ ਵਰਤ ਵਿਹਾਰ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ! ਤੂੰ) ਹਰੀ ਦੇ ਗੁਣ ਗਾ ਲੈ, (ਜਗਤ ਵਿਚ) ਸਭ ਕੁਛ ਸੁਪਨੇ ਵਾਂਗ ਮਿਥਿਆ ਹੈ।੨।੨।

ਪਦਾਰਥ = ਜਾਗ ਲੇਹੁ–ਜਾਗਦਾ ਰਹਿ (ਸਾਵਧਾਨ ਹੋ ਜਾ)।ਰੇ ਮਨਾ–ਹੇ ਮਨ!।ਜਾਗ ਲੇਹੁ–ਜਾਗ ਕੇ (ਹਰੀ ਦਾ ਨਾਮ) ਜਪ ਲੈ; ਜਾਗ੍ਰਤ ਅਵਸਥਾ ਪ੍ਰਾਪਤ ਕਰ ਲੈ।ਕਹਾ–ਕਿਉਂ।ਗਾਫਲ–ਬੇਖਬਰ ਹੋ ਕੇ।ਸੋਇਆ–ਸੁੱਤਾ ਪਿਆ ਹੈਂ।ਤਨੁ–ਸਰੀਰ।ਸੰਗ ਹੀ–ਨਾਲ ਹੀ।ਸੋ ਭੀ–ਉਹ ਭੀ।ਸੰਗਿ–ਸੰਗੀ (ਸਾਥੀ)।੧।ਰਹਾਉ।ਮਾਤ–ਮਾਤਾ।ਸੁਤ–ਪੁਤ੍ਰ।ਬੰਧ–ਸਬੰਧੀ।ਜਨ–ਇਸਤਰੀ; ਸੱਜਨ ਮਿਤ੍ਰ। ਹਿਤੁ–ਪਿਆਰ।ਜਾ ਸਿਉ–ਜਿਨ੍ਹਾਂ ਨਾਲ।ਕੀਨਾ–ਕੀਤਾ।ਜੀਉ–ਜੀਵਾਤਮਾ; ਪ੍ਰਾਣ।ਛੂਟਿਓ–ਅਲੱਗ ਹੋਏ।ਡਾਰਿ ਦੀਨਾ–ਸੁੱਟ (ਪਾ) ਦਿਤਾ।ਅਗਨਿ ਮੈ–ਅੱਗ ਵਿਚ।੧।ਜੀਵਤ ਲਉ–ਜਿਉਂਦਿਆ ਤਕ।ਬਿਉਹਾਰ–ਵਰਤ ਵਿਹਾਰ (ਸਬੰਧ)।ਜਗ ਕਉ–ਜਗਤ ਨੂੰ।ਤੁਮ ਜਾਨਉ–ਤੂੰ ਜਾਣ (ਸਮਝ ਲੈ)।ਸੁਫਨ ਸਮਾਨਉ–ਸੁਫਨੇ ਸਮਾਨ (ਵਾਂਗ)।੨।੨।

ਤਿਲੰਗ ਮਹਲਾ ੯ ॥ ਹਰਿ ਜਸੁ ਰੇ ਮਨਾ ਗਾਇ ਲੈ, ਜੋ ਸੰਗੀ ਹੈ ਤੇਰੋ ॥ ਅਉਸਰੁ ਬੀਤਿਓ ਜਾਤੁ ਹੈ, ਕਹਿਓ ਮਾਨ ਲੈ ਮੇਰੋ ॥੧॥ ਰਹਾਉ॥ ਸੰਪਤਿ ਰਥ ਧਨ ਰਾਜ ਸਿਉ ,ਅਤਿ ਨੇਹੁ ਲਗਾਇਓ ॥ ਕਾਲ ਫਾਸ ਜਬ ਗਲਿ ਪਰੀ, ਸਭ ਭਇਓ ਪਰਾਇਓ ॥੧॥ ਜਾਨਿ ਬੂਝ ਕੈ ਬਾਵਰੇ, ਤੈ ਕਾਜੁ ਬਿਗਾਰਿਓ ॥ ਪਾਪ ਕਰਤ ਸੁਕਚਿਓ ਨਹੀ, ਨਹ ਗਰਬੁ ਨਿਵਾਰਿਓ ॥੨॥ ਜਿਹ ਬਿਧਿ ਗੁਰ ਉਪਦੇਸਿਆ, ਸੋ ਸੁਨੁ ਰੇ ਭਾਈ ॥ ਨਾਨਕ ਕਹਤ ਪੁਕਾਰਿ ਕੈ, ਗਹੁ ਪ੍ਰਭ ਸਰਨਾਈ ॥੩॥੩॥ ਹੇ ਮਨ! ਹਰੀ ਦਾ ਜਸ ਗਾ ਲੈ, ਜੋ (ਪ੍ਰਲੋਕ ਦਾ) ਤੇਰਾ ਸੰਗੀ ਹੈ।(ਮਨੁੱਖਾ ਜਨਮ ਦਾ ਤੇਰਾ) ਸਮਾਂ ਬੀਤਦਾ ਜਾ ਰਿਹਾ ਹੈ, (ਇਸ ਕਰਕੇ) ਮੇਰਾ ਕਿਹਾ ਬਚਨ ਮੰਨ ਲੈ।੧।ਰਹਾਉ।(ਹੇ ਮਨ! ਤੈਂ) ਸੰਪਤੀ, ਰਥ, ਧਨ ਅਤੇ ਰਾਜ ਨਾਲ ਬਹੁਤ ਪਿਆਰ ਲਾਇਆ ਹੋਇਆ ਹੈ।ਮੌਤ ਦੀ ਫਾਹੀ ਜਦੋਂ ਗਲ ਵਿਚ ਪੈਂਦੀ ਹੈ, (ਤਾਂ ਉਸ ਵੇਲੇ) ਸਭ ਕੁਛ ਪਰਾਇਆ ਹੋ ਜਾਂਦਾ ਹੈ।੧।ਹੇ ਝੱਲੇ ਮਨ! ਜਾਣ ਬੁਝ ਕੇ ਤੈਂ (ਆਪਣੇ ਜੀਵਨ ਦਾ) ਕੰਮ ਬਿਗਾੜ ਲਿਆ ਹੈ।ਤੂੰ ਪਾਪ ਕਰਦਾ ਝਿਝਕਿਆ ਨਹੀਂ ਅਤੇ ਨਾਹੀ ਤੈਂ ਹੰਕਾਰ ਦੂਰ ਕੀਤਾ ਹੈ।੨।ਹੇ ਭਾਈ! ਜਿਸ ਤਰੀਕੇ ਨਾਲ ਗੁਰੂ ਨੇ ਮੈਨੂੰ ਉਪਦੇਸ਼ ਦਿਤਾ ਹੈ, ਉਹ ਤੂੰ ਸੁਣ ਲੈ।ਨਾਨਕ ਉਚੀ ਪੁਕਾਰ ਕੇ ਕਹਿੰਦਾ ਹੈ ਕਿ ਤੂੰ ਪ੍ਰਭੂ ਦੀ ਸ਼ਰਣ ਗ੍ਰਹਿਣ ਕਰ ਲੈ।੩।੩।

ਪਦਾਰਥ = ਰੇ ਮਨਾ–ਹੇ ਮਨ!।ਜਸੁ–ਸਿਫਤ ਸਲਾਹ।ਸੰਗੀ–ਸਾਥੀ।ਅਉਸਰੁ–ਸਮਾਂ।ਬੀਤਿਓ ਜਾਤੁ ਹੈ–ਲੰਘਦਾ ਜਾਂਦਾ ਹੈ।ਕਹਿਓ–ਕਿਹਾ ਬਚਨ।ਮਾਨ ਲੈ–ਮੰਨ ਲੈ।੧।ਰਹਾਉ।ਸੰਪਤਿ–ਮਾਲ ਪਦਾਰਥ।ਸਿਉ–ਨਾਲ।ਅਤਿ–ਬਹੁਤ।ਨੇਹੁ–ਪਿਆਰ।ਕਾਲ ਫਾਸ–ਮੌਤ ਦੀ ਫਾਹੀ।ਜਬ–ਜਦ।ਗਲਿ ਪਰੀ–ਗਲ ਵਿਚ ਪੈਂਦੀ ਹੈ।ਭਇਓ ਪਰਾਇਓ–ਪਰਾਇਆ ਹੋ ਜਾਂਦਾ ਹੈ।੧।ਜਾਨਿ ਬੂਝਿ ਕੈ–ਜਾਣ ਬੁਝ ਕੇ (ਸਭ ਕੁਛ ਜਾਣਦਾ ਤੇ ਸਮਝਦਾ ਹੋਇਆ ਵੀ)।ਬਾਵਰੇ–ਹੇ ਝੱਲੇ (ਮਨ)!।ਕਾਜੁ–ਕੰਮ।ਤੈ ਬਿਗਾਰਿਓ–ਤੈਂ ਬਿਗਾੜ

ਲਿਆ ਹੈ। ਕਰਤ–ਕਰਦਾ।ਸੁਕਚਿਓ ਨਹੀ–ਸੰਗਿਆ ਨਹੀਂ; ਝਿਝਕਿਆ ਨਹੀਂ।ਗਰਬੁ–ਹੰਕਾਰ।ਨਿਵਾਰਿਓ–ਦੂਰ ਕੀਤਾ।੨।ਜਿਹ ਬਿਧਿ–ਜਿਸ ਤਰੀਕੇ ਨਾਲ।ਗੁਰ–ਗੁਰੂ ਨੇ।ਸੋ–ਉਹ।ਰੇ ਭਾਈ–ਹੇ ਭਾਈ!।ਪੁਕਾਰਿ ਕੈ–ਉਚੀ ਬੋਲ ਕੇ।ਗਹੁ–ਗ੍ਰਹਿਣ ਕਰ ਲੈ। ੩।੩।

ਉਥਾਨਕਾ = ਇਕ ਕਾਜੀ ਅਤੇ ਪੰਡਤ ਆਪਸ ਵਿਚ ਧਾਰਮਕ ਬਹਿਸ ਕਰਦੇ ਹੋਏ ਆਪੋ ਅਪਣੇ ਧਰਮ ਨੂੰ ਸਲਾਹ ਰਹੇ ਸਨ।ਇਨ੍ਹਾਂ ਦੇ ਕੋਲੋਂ ਦੀ ਲੰਘੇ ਜਾਂਦੇ ਕਬੀਰ ਜੀ ਨੇ ਹੇਠ ਲਿਖੇ ਸ਼ਬਦ ਰਾਹੀਂ ਦੋਹਾਂ ਨੂੰ ਉਪਦੇਸ਼ ਦਿਤਾ ਹੈ।

ਤਿਲੰਗ ਬਾਣੀ ਭਗਤਾ ਕੀ ਕਬੀਰ ਜੀ ੴ ਸਤਿਗੁਰ ਪ੍ਰਸਾਦਿ ॥ ਬੇਦ ਕਤੇਬ ਇਫਤਰਾ ਭਾਈ, ਦਿਲ ਕਾ ਫਿਕਰੁ ਨ ਜਾਇ ॥ ਟੁਕੁ ਦਮੁ ਕਰਾਰੀ ਜਉ ਕਰਹੁ ,ਹਾਜਿਰ ਹਜੂਰਿ ਖੁਦਾਇ ॥੧॥ ਬੰਦੇ ਖੋਜੁ ਦਿਲ ਹਰ ਰੋਜ, ਨ ਫਿਰੁ ਪਰੇਸਾਨੀ ਮਾਹਿ ॥ ਇਹ ਜੁ ਦੁਨੀਆ ਸਿਹਰੁ ਮੇਲਾ, ਦਸਤਗੀਰੀ ਨਾਹਿ ॥੧॥ਰਹਾਉ॥ ਦਰੋਗੁ ਪੜਿ ਪੜਿ ਖੁਸੀ ਹੋਇ, ਬੇਖਬਰ ਬਾਦੁ ਬਕਾਹਿ ॥ ਹਕੁ ਸਚੁ ਖਾਲਕੁ ਖਲਕ ਮਿਆਨੇ, ਸਿਆਮ ਮੂਰਤਿ ਨਾਹਿ ॥੨॥ ਅਸਮਾਨ ਮ੍ਹਿਾਨੇ ਲਹੰਗ ਦਰੀਆ, ਗੁਸਲ ਕਰਦਨ ਬੂਦ ॥ ਕਰਿ ਫਕਰੁ ਦਾਇਮ ਲਾਇ ਚਸਮੇ, ਜਹ ਤਹਾ ਮਉਜੂਦੁ ॥੩॥ ਅਲਾਹ ਪਾਕੰ ਪਾਕ ਹੈ, ਸਕ ਕਰਉ ਜੇ ਦੂਸਰ ਹੋਇ ॥ ਕਬੀਰ ਕਰਮੁ ਕਰੀਮ ਕਾ, ਉਹੁ ਕਰੈ ਜਾਨੈ ਸੋਇ ॥੪॥੧॥ ਹੇ ਭਾਈ! ਬੇਦ ਅਤੇ ਕਤੇਬ ਆਦਿ ਗ੍ਰੰਥ ਦਿਖਾਵੇ ਮਾਤ੍ਰ ਪੜ੍ਹਨ ਨਾਲ ਦਿਲ ਦਾ ਭਰਮ ਨਹੀਂ ਜਾਂਦਾ।ਜੇ ਦਮ ਮਾਤ੍ਰ ਥੋੜਾ ਜਿਹਾ ਦਿਲ ਨੂੰ ਇਕਾਗਰ ਕਰ ਲਵੋ (ਬਹੁਤ ਥੋੜਾ ਸਮਾਂ ਵੀ ਚਿਤ ਬ੍ਰਿਤੀ ਨੂੰ ਰੋਕੋ) ਤਾਂ ਰੱਬ ਪ੍ਰਤੱਖ ਦਿਸ ਪੈਂਦਾ ਹੈ।੧।(ਭਰਮ ਕਿਵੇਂ ਦੂਰ ਹੁੰਦਾ ਹੈ? ਅੱਗੇ ਦਸਦੇ ਹਨ ਕਿ) ਹੇ ਮਨੁੱਖ! ਅਪਣੇ ਦਿਲ ਦੀ ਹਮੇਸ਼ਾਂ ਖੋਜ ਕਰ, ਪਰੇਸ਼ਾਨੀ ਵਿਚ ਨਾ ਭਟਕਦਾ ਫਿਰ। ਇਹ ਜੋ ਦੁਨੀਆਂ ਜਾਦੂਗਰੀ ਵਾਲਾ ਖੇਲ ਹੈ, (ਇਸ ਵਿਚ ਕੋਈ ਕਿਸੇ ਦਾ) ਹੱਥ ਫੜਨ ਵਾਲਾ (ਸਹਾਇਕ) ਨਹੀਂ ਹੈ (ਜਿਵੇਂ ਜਾਦੂ ਕਰਕੇ ਅਣਹੋਂਦੀ ਚੀਜ ਨਜਰ ਆਉਂਦੀ ਹੈ, ਪਰ ਉਹ ਸੱਚ ਨਹੀਂ ਹੁੰਦੀ।ਤਿਵੇਂ ਸਬੰਧੀਆਂ ਦਾ ਮੇਲ ਅਸੱਤ ਹੈ, ਅਣਹੋਣਾ ਦਿਸਦਾ ਹੈ, ਕੋਈ ਕਿਸੇ ਦੀ ਸਹਾਇਤਾ ਕਰਨ ਵਾਲਾ ਨਹੀਂ)।੧।ਰਹਾਉ।ਬੇ ਸਮਝ ਲੋਕ ਬਿਅਰਥ ਬਕਦੇ ਹਨ (ਫਜੂਲ ਦੀਆਂ ਬਹਿਸਾਂ ਕਰਦੇ ਹਨ ਅਤੇ ਮਿਥਹਾਸਕ ਗ੍ਰੰਥਾਂ ਦਾ ਲਿਖਿਆ) ਝੂਠ ਪੜ੍ਹ ਪੜ੍ਹ ਕੇ ਖੁਸ਼ ਹੁੰਦੇ ਹਨ।(ਉਹ ਇਹ ਨਹੀਂ ਜਾਣਦੇ ਕਿ) ਸੱਚਾ ਰੱਬ ਦੁਨੀਆਂ ਵਿਚ ਵਸਦਾ ਹੈ, (ਉਹ ਸੱਤਵੇਂ ਅਕਾਸ਼ ਵਿਚ ਨਹੀਂ ਵਸਦਾ ਅਤੇ) ਨਾ ਹੀ ਉਹ ਸ਼ਿਆਮ ਮੂਰਤ ਵਾਲਾ (ਕ੍ਰਿਸ਼ਨ) ਹੈ (ਰੱਬ ਕ੍ਰਿਸ਼ਨ ਜੀ ਦੇ ਕਾਲੇ ਬੁੱਤ ਵਿਚ ਨਹੀਂ, (ਉਹ ਤਾਂ) ਸਾਰੀ ਸ੍ਰਿਸਟੀ ਵਿਚ ਵਿਆਪਕ ਹੈ।੨।(ਹੇ ਭਾਈ!) ਅਕਾਸ਼ (ਦਸਮ ਦੁਆਰ; ਦਿਮਾਗ) ਵਿਚ ਰੱਬ ਰੂਪ ਦਰਿਆ ਵਗਦਾ ਹੈ, (ਉਸ ਵਿਚ ਤੂੰ) ਇਸ਼ਨਾਨ ਕਰਨਾ ਸੀ (ਪਰ ਕੀਤਾ ਨਹੀਂ)।ਸਦਾ ਫਕੀਰੀ ਕਰ, (ਇਸ ਤਰ੍ਹਾਂ ਦੀ) ਐਨਕ ਲਾ ਕੇ ਦੇਖ, ਜਿੱਥੇ ਕਿੱਥੇ ਮੌਜੂਦ (ਉਹ ਸਭ ਜਗ੍ਹਾ ਵਿਆਪਕ) ਹੈ।੩।(ਹੇ ਭਾਈ!) ਅੱਲਾ ਪਵਿਤ੍ਰ ਤੋਂ ਪਵਿਤ੍ਰ ਹੈ, (ਉਸ ਬਾਰੇ) ਮੈਂ ਸ਼ੱਕ ਤਾਂ ਕਰਾਂ, ਜੇ (ਉਸ ਵਰਗਾ ਹੋਰ ਕੋਈ) ਦੂਜਾ ਹੋਵੇ।ਕਬੀਰ ਜੀ ਕਹਿੰਦੇ ਹਨ ਕਿ ਉਸ ਕ੍ਰਿਪਾਲੂ ਹਰੀ ਦੀ ਹੀ ਸਭ ਬਖਸ਼ਿਸ਼ ਹੈ, ਉਹ ਹੀ ਸਭ ਕੁਛ ਕਰਦਾ ਹੈ ਤੇ ਜਾਣਦਾ ਹੈ।੪।੧।

ਪਦਾਰਥ = ਬੇਦ–ਚਾਰ ਬੇਦ (ਸ਼ਾਮ, ਰਿਗ, ਜੁਜਰ ਅਤੇ ਅਥਰਵਣ)।ਕਤੇਬ–ਪੱਛਮੀ ਮੱਤਾਂ ਦੇ ਗ੍ਰੰਥ (ਤੌਰੇਤ, ਜੰਬੂਰ, ਅੰਜੀਲ ਅਤੇ ਕੁਰਾਨ)।ਇਫਤਰਾ–ਦਿਖਾਵਾ; ਬਨਾਵਟੀ; ਝੂਠੇ।ਭਾਈ–ਹੇ ਭਾਈ!।ਫਿਕਰੁ–ਭਰਮ; ਚਿੰਤਾ।ਟੁਕੁ–ਥੋੜਾ ਜਿਹਾ।ਦਮੁ–ਸੁਆਸ ਮਾਤ੍ਰ (ਬਹੁਤ ਥੋੜਾ ਸਮਾਂ)।ਕਰਾਰੀ ਕਰਹੁ–ਟਿਕਾ ਲਵੋਂ; ਇਕਾਗ੍ਰ ਕਰੋ।ਜਉ–ਜੇ।ਹਾਜਿਰ ਹਜੂਰਿ–ਹਾਜਰ ਨਾਜਰ; ਪ੍ਰਤੱਖ।ਖੁਦਾਇ–ਰੱਬ ।੧।ਬੰਦੇ–ਹੇ ਮਨੁੱਖ!।ਨ ਫਿਰੁ–ਨਾ ਭਟਕਦਾ ਫਿਰ।ਪਰੇਸਾਨੀ ਮਾਹਿ–ਘਬਰਾਹਟ (ਬੇਚੈਨੀ) ਵਿਚ।ਜੁ–ਜੋ।ਸਿਹਰੁ–ਜਾਦੂ; ਮਨ ਨੂੰ ਮੋਹ ਲੈਣ ਵਾਲਾ।ਮੇਲਾ–ਤਮਾਸ਼ਾ; ਖੇਲ।ਦਸਤਗੀਰੀ–ਹੱਥ ਫੜਨ ਵਾਲਾ; ਸਹਾਇਤਾ ਕਰਨ ਵਾਲਾ।੧।ਰਹਾਉ।ਦਰੋਗੁ–ਝੂਠ।ਬੇ ਖਬਰ–ਬੇ ਸਮਝ (ਲੋਕ)।ਬਾਦੁ ਬਕਾਹਿ–ਬਿਅਰਥ ਬੋਲਦੇ ਹਨ; ਫਜੂਲ ਬਹਿਸਾਂ (ਵਾਦ ਵਿਵਾਦ) ਕਰਦੇ ਹਨ।ਹਕੁ ਸਚੁ–ਸੱਚਾ ਰੱਬ। ਖਾਲਕੁ–ਰੱਬ।ਖਲਕ ਮਿਆਨੇ–ਦੁਨੀਆਂ ਵਿਚ।ਸਿਆਮ ਮੂਰਤਿ–ਕਾਲੇ ਰੰਗ ਦੀ ਮੂਰਤ ਵਾਲਾ ਕ੍ਰਿਸ਼ਨ।੨।ਅਸਮਾਨ ਮ੍ਹਿਾਨੇ–ਅਕਾਸ਼ (ਦਸਮ ਦੁਆਰ; ਹਿਰਦੇ) ਵਿਚ।ਲਹੰਗ–ਵਗਦਾ (ਲੰਘਦਾ) ਹੈ।ਦਰੀਆ–ਰੱਬ ਰੂਪ ਦਰਿਆ ਹੈ; ਸ਼ਬਦ ਰੂਪ ਦਰਿਆ (ਗੁ.ਗ੍ਰੰ.ਕੋਸ਼) ।ਗੁਸਲ (ਅ.)–ਇਸ਼ਨਾਨ।ਕਰਦਨ ਬੂਦ–ਕਰਨਾ ਸੀ।ਫਕਰੁ–ਫਕੀਰੀ (ਰੱਬ ਨੂੰ ਸਮਰਪਣ ਜੀਵਨ)।ਦਾਇਮ (ਅ.)–ਸਦਾ। ਲਾਇ–ਲਾ ਕੇ।ਚਸਮੇ (ਫਾ.)–ਐਨਕ।ਜਹ ਤਹਾ–ਜਿਥੇ ਕਿਥੇ (ਸਭ ਜਗ੍ਹਾ)।ਮਉਜੂਦ–ਹਾਜਰ; ਪਰਗਟ।੩।ਅਲਹਾ–ਪ੍ਰਮਾਤਮਾ। ਪਾਕੰ ਪਾਕ–ਪਵਿਤ੍ਰ ਤੋਂ ਪਵਿਤ੍ਰ।ਸਕ–ਸ਼ੱਕ (ਸੰਦੇਹ)।ਕਰਉ–ਮੈਂ ਕਰਾਂ।ਦੂਸਰ–ਦੂਜਾ।ਕਰਮੁ–ਬਖਸ਼ਿਸ਼।ਕਰੀਮ–ਕ੍ਰਿਪਾਲੂ।ਸੋਇ– ਉਹ ਹੀ।੪।੧।

ਨਾਮ ਦੇਵ ਜੀ ॥ ਮੈ ਅੰਧੁਲੇ ਕੀ ਟੇਕ, ਤੇਰਾ ਨਾਮੁ ਖੁੰਦਕਾਰਾ ॥ ਮੈ ਗਰੀਬ ਮੈ ਮਸਕੀਨ, ਤੇਰਾ ਨਾਮੁ ਹੈ ਅਧਾਰਾ ॥੧॥ਰਹਾਉ॥ ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥ ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ॥੧॥ ਦਰੀਆਉ ਤੂ ਦਿਹੰਦ ਤੂ ,ਬਿਸਿਆਰ ਤੂ ਧਨੀ ॥ ਦੇਹਿ ਲੇਹਿ ਏਕੁ ਤੂੰ ,ਦਿਗਰ ਕੋ ਨਹੀ ॥੨॥ ਤੂੰ ਦਾਨਾਂ ਤੂੰ ਬੀਨਾਂ, ਮੈ ਬੀਚਾਰੁ ਕਿਆ ਕਰੀ ॥ ਨਾਮੇ ਚੇ ਸੁਆਮੀ, ਬਖਸੰਦ ਤੂੰ ਹਰੀ ॥੩॥੧॥੨॥ ਹੇ ਕਰਤਾਰ! ਤੇਰਾ ਨਾਮ ਮੈਂ ਅੰਨ੍ਹੇ ਦਾ ਆਸਰਾ ਹੈ।ਮੈਂ ਗਰੀਬ ਹਾਂ, ਮੈਂ ਨਿਮਾਣਾ ਹਾਂ, ਤੇਰਾ ਨਾਮ ਹੀ ਮੇਰਾ ਆਸਰਾ ਹੈ।੧।ਰਹਾਉ।ਹੇ ਬਖਸ਼ਿਸ਼ ਕਰਨ ਵਾਲੇ! ਹੇ ਰਹਿਮ ਕਰਨ ਵਾਲੇ! ਹੇ ਅੱਲਾ! ਤੂੰ ਧਨਵਾਨ ਹੈਂ।ਮੇਰੇ ਅੰਦਰ, ਮੇਰੇ ਸਾਮ੍ਹਣੇ (ਹਰ ਥਾਂ) ਤੂੰ ਹਾਜਰ ਨਾਜਰ ਹੈਂ।੧।(ਹੇ ਪ੍ਰਭੂ!) ਤੂੰ ਸਮੁੰਦਰ ਰੂਪ ਹੈਂ, ਤੂੰ (ਸਭ ਜੀਵਾਂ ਨੂੰ) ਦਾਤਾਂ ਦੇਣ ਵਾਲਾ ਹੈਂ (ਦਾਤਾਂ ਦੇਣ ਵਿਚ ਤੂੰ ਸਮੁੰਦਰ ਸਮਾਨ ਹੈ, ਤੇਰੇ ਭੰਡਾਰੇ ਅਮੁੱਕ ਹਨ) ਅਤੇ ਤੂੰ ਬਹੁਤ ਧਨਵਾਨ ਹੈਂ।ਇਕੋ ਤੂੰ ਹੀ (ਸਾਰੇ ਜੀਵਾਂ ਨੂੰ ਦਾਤਾਂ) ਦੇਂਦਾ ਹੈਂ ਅਤੇ (ਵਾਪਸ ਵੀ) ਲੈ ਲੈਂਦਾ ਹੈ, (ਇਹੋ ਜਿਹਾ ਤੇਰੇ ਵਰਗਾ) ਦੂਜਾ ਹੋਰ ਕੋਈ ਨਹੀਂ।੨।ਤੂੰ (ਸਭ ਜੀਵਾਂ ਦੇ ਦਿਲਾਂ ਦੀਆਂ) ਜਾਨਣ ਵਾਲਾ ਹੈਂ ਅਤੇ ਤੂੰ (ਸਭ ਦੇ ਕੰਮ ਕਾਜ) ਦੇਖਣ ਵਾਲਾ ਹੈਂ, ਮੈਂ (ਤੁੱਛ ਬੁੱਧੀ ਵਾਲਾ ਇਸ ਤੋਂ ਬਿਨਾ ਹੋਰ) ਕੀ ਬਿਚਾਰ ਕਰ ਸਕਦਾ ਹਾਂ? (ਕਿਉਂਕਿ ਤੇਰੇ ਗੁਣ ਬੇਅੰਤ ਹਨ)।ਹੇ ਨਾਮ ਦੇਵ ਦੇ ਮਾਲਕ ਹਰੀ! ਤੂੰ (ਸੇਵਕਾਂ ਦੇ ਗੁਨਾਹ) ਬਖਸ਼ ਦੇਣ ਵਾਲਾ ਹੈਂ।੩।੧।੨।

ਪਦਾਰਥ = ਅੰਧੁਲੇ ਕੀ–ਅੰਨ੍ਹੇ ਦੀ।ਟੇਕ–ਆਸਰਾ।ਖੁੰਦਕਾਰਾ–ਹੇ ਕਰਤਾਰ!।ਮਸਕੀਨ–ਨਿਮਾਣਾ।ਅਧਾਰਾ–ਆਸਰਾ।੧।ਰਹਾਉ। ਕਰੀਮਾਂ–ਹੇ ਬਖਸ਼ਿਸ਼ ਕਰਨ ਵਾਲੇ!।ਰਹੀਮਾਂ–ਹੇ ਰਹਿਮ ਕਰਨ ਵਾਲੇ!।ਗਨੀ–ਧਨਵਾਨ; ਰੱਜਿਆ ਪੁੱਜਿਆ।ਹਾਜਰਾ ਹਜੂਰਿ– ਪ੍ਰਤੱਖ; ਸਭ ਜਗ੍ਹਾ ਮੌਜੂਦ।ਦਰਿ–ਅੰਦਰ।ਪੇਸਿ–ਸਾਮ੍ਹਣੇ।ਮਨੀ–ਮੇਰਾ।੧।ਦਰਿਆਉ–ਸਮੁੰਦਰ ਰੂਪ (ਬਹੁਤ ਵੱਡਾ)।ਦਿਹੰਦ–ਦੇਣ ਵਾਲਾ।ਬਿਸਿਆਰ–ਬਹੁਤ।ਧਨੀ–ਧਨ ਵਾਲਾ।ਦੇਹਿ–ਦੇਂਦਾ ਹੈਂ।ਲੇਹਿ–ਲੈਂਦਾ ਹੈਂ।ਦਿਗਰ–ਦੂਜਾ।ਕੋ–ਕੋਈ।੨।ਦਾਨਾਂ–ਜਾਨਣ ਵਾਲਾ।ਬੀਨਾ–ਦੇਖਣ ਵਾਲਾ।ਕਿਆ ਕਰੀ–ਕੀ ਕਰ ਸਕਦਾ ਹਾਂ।ਨਾਮੇ ਚੇ ਸੁਆਮੀ–ਹੇ ਨਾਮ ਦੇਵ ਦੇ ਮਾਲਕ!।ਬਖਸੰਦ–ਬਖਸ਼ਣਹਾਰ ।੩।੧।੨।

ਉਥਾਨਕਾ = ਭਗਤ ਨਾਮ ਦੇਵ ਜੀ ਦੀ ਬ੍ਰਹਮ ਦ੍ਰਿਸਟੀ ਹਰੇਕ ਮਨੁੱਖ ਵਿਚ ਪ੍ਰਭੂ ਦੀ ਜੋਤ ਦੇਖਦੀ ਸੀ।ਇਕ ਵਾਰ ਉਹ ਦੁਆਰਕਾ ਨੂੰ ਜਾਂਦੇ ਰਸਤੇ ਵਿਚ ਕੁਝ ਥੱਕ ਗਏ, ਤਾਂ ਮਨ ਵਿਚ ਸੋਚਿਆ ਕਿ ਕੋਈ ਸਵਾਰੀ ਮਿਲ ਜਾਵੇ ਤਾਂ ਠੀਕ ਹੈ।ਉਸੇ ਜਗ੍ਹਾ ਰਸਤੇ ਵਿਚ ਜਾਂਦੇ ਇਕ ਮੁਗਲ ਦੀ ਘੋੜੀ ਸੂ ਪਈ, ਮੁਗਲ ਨੇ ਭਗਤ ਜੀ ਨੂੰ ਵਗਾਰ ਵਿਚ ਘੋੜੀ ਦੀ ਵਛੇਰੀ ਚੁਕਾ ਦਿਤੀ।ਇਹ ਸ਼ਬਦ ਭਗਤ ਜੀ ਨੇ ਉਸ ਵੇਲੇ ਉਚਾਰਿਆ, ਉਸ ਮੁਗਲ ਵਿਚ ਵੀ ਭਗਤ ਜੀ ਪ੍ਰਭੂ ਦਾ ਵਾਸਾ ਤੱਕਦੇ ਹਨ ਅਤੇ ਵਗਾਰ ਨੂੰ ਪ੍ਰਭੂ ਦੀ ਸੇਵਾ ਮੰਨਦੇ ਹਨ।

ਹਲੇ ਯਾਰਾਂ ਹਲੇ ਯਾਰਾਂ, ਖੁਸਿ ਖਬਰੀ ॥ ਬਲਿ ਬਲਿ ਜਾਂਉ ,ਹਉ ਬਲਿ ਬਲਿ ਜਾਂਉ ॥ ਨੀਕੀ ਤੇਰੀ ਬਿਗਾਰੀ, ਆਲੇ ਤੇਰਾ ਨਾਉ ॥੧॥ਰਹਾਉ॥ ਕੁਜਾ ਆਮਦ ਕੁਜਾ ਰਫਤੀ, ਕੁਜਾ ਮੇ ਰਵੀ ॥ ਦ੍ਵਾਰਿਕਾ ਨਗਰੀ ਰਾਸਿ ਬੁਗੋਈ ॥੧॥ ਖੂਬ ਤੇਰੀ ਪਗਰੀ, ਮੀਠੇ ਤੇਰੇ ਬੋਲ ॥ ਦ੍ਵਾਰਿਕਾ ਨਗਰੀ, ਕਾਹੇ ਕੇ ਮਗੋਲ ॥੨॥ ਚੰਦੀਂ ਹਜਾਰ ਆਲਮ, ਏਕਲ ਖਾਨਾਂ ॥ ਹਮ ਚਿਨੀ ਪਾਤਸਾਹ, ਸਾਂਵਲੇ ਬਰਨਾਂ ॥੩॥ ਅਸ ਪਤਿ ਗਜ ਪਤਿ ਨਰਹ ਨਰਿੰਦ ॥ ਨਾਮੇ ਕੇ ਸ੍ਵਾਮੀ ਮੀਰ ਮੁਕੰਦ ॥੪॥੨॥੩॥ (ਪ੍ਰਭੂ ਨੂੰ ਸੰਬੋਧਨ ਕਰਕੇ ਆਖਦੇ ਹਨ) ਹੇ ਮਿਤ੍ਰ! ਹੇ ਮਿਤ੍ਰ! ਖੁਸ਼ੀ ਦੀ ਖਬਰ ਹੈ (ਕਿ ਤੂੰ ਮੈਨੂੰ ਮੁਗਲ ਰੂਪ ਵਿਚ ਮਿਲ ਪਿਆ ਹੈਂ); ਹੇ ਮਿੱਤਰ! ਹੇ ਸੱਜਣ! ਆਪਣੀ ਪ੍ਰਸੰਨਤਾ ਦੀ ਖਬਰ ਦਿਓ, ਖੁਸ਼ ਹੋ? (ਸ਼ਬਦਾਰਥ)।ਮੈਂ (ਤੇਰੇ ਤੋਂ ਤਨ ਕਰਕੇ) ਬਲਿਹਾਰ ਜਾਂਦਾ ਹਾਂ ਅਤੇ (ਮਨ ਕਰਕੇ ਵੀ) ਬਲਿਹਾਰ ਜਾਂਦਾ ਹਾਂ। (ਮੈਨੂੰ ਤੇਰੇ ਵੱਲੋਂ ਦਿਤੀ) ਵਗਾਰ ਬੜੀ ਸੋਹਣੀ ਹੈ ਅਤੇ ਤੇਰਾ ਨਾਮ ਉਤਮ ਹੈ।੧।ਰਹਾਉ।(ਹੇ ਮਿਤਰ! ਤੂੰ) ਕਿਥੋਂ ਆਇਆ ਹੈਂ? ਕਿਥੇ ਗਿਆ ਸੀ ਅਤੇ ਕਿਥੇ ਜਾ ਰਿਹਾ ਹੈਂ? (ਇਹ ਭਗਵਾਨ ਕ੍ਰਿਸ਼ਨ ਜੀ ਦਾ ਪਵਿਤ੍ਰ) ਦੁਆਰਕਾ ਨਗਰ ਹੈ, ਸੱਚ ਦੱਸੀਂ (ਇੱਥੇ ਮੁਗਲ ਦਾ ਕੀ ਕੰਮ ਹੈ?)।੧।(ਹੇ ਮਿੱਤ੍ਰ!) ਤੇਰੀ ਪੱਗ ਬਹੁਤ ਸੋਹਣੀ ਹੈ ਅਤੇ ਤੇਰੇ ਬੋਲ (ਬਚਨ ਵੀ ਬਹੁਤ) ਮਿੱਠੇ ਹਨ।(ਪਰ) ਦੁਆਰਕਾ ਨਗਰ ਵਿਚ ਕਿੱਥੋਂ ਦੇ ਮੁਗਲ ਆ ਗਏ (ਇਸ ਕ੍ਰਿਸ਼ਨ ਜੀ ਦੇ ਸ਼ਹਿਰ ਵਿਚ ਮੁਸਲਮਾਨ ਦਾ ਕੀ ਕੰਮ? ਤੂੰ ਤਾਂ ਹਰੀ ਰੂਪ ਹੈਂ)।੨।ਕਈ ਹਜਾਰ ਭਵਨਾਂ ਦਾ ਤੂੰ ਇਕੋ ਮਾਲਕ ਹੈਂ।(ਤੂੰ ਸਾਡਾ) ਸਾਂਵਲੇ ਰੰਗ ਵਾਲਾ ਇਹੋ ਜਿਹਾ ਪਾਤਸ਼ਾਹ ਹੈਂ (ਜੋ ਦੁਆਰਕਾ ਦਾ ਮਾਲਕ ਕ੍ਰਿਸ਼ਨ ਹੋਇਆ ਹੈ ਭਾਵ ਕ੍ਰਿਸ਼ਨ ਰੂਪ ਵੀ ਤੂੰ ਹੀ ਹੈਂ)।੩।ਹੇ ਨਾਮ ਦੇਵ ਦੇ ਮਾਲਕ! ਹੇ ਮੇਰੇ ਪਾਤਸ਼ਾਹ! ਹੇ ਮੁਕਤੀ ਦੇਣ ਵਾਲੇ ਪ੍ਰਭੂ! ਤੂੰ ਹੀ ਸੂਰਜ ਹੈਂ, ਤੂੰ ਹੀ ਇੰਦ੍ਰ ਹੈਂ ਅਤੇ ਤੂੰ ਹੀ ਬ੍ਰਹਮਾ ਹੈਂ; ਹੇ ਨਾਮ ਦੇਵ ਦੇ ਸੁਆਮੀ!

ਤੂੰ ਸੂਰਜ, ਇੰਦ੍ਰ ਤੇ ਬ੍ਰਹਮਾਂ ਆਦਿਕ ਸਭਨਾਂ ਦਾ ਪਾਤਸ਼ਾਹ ਹੈਂ ਅਤੇ (ਅਪਣੇ ਭਗਤਾਂ ਨੂੰ) ਮੁਕਤੀ ਦੇਣ ਵਾਲਾ ਹੈਂ।੪।੨।੩।

ਪਦਾਰਥ = ਹਲੇ ਯਾਰਾਂ ਹਲੇ ਯਾਰਾਂ-ਹੇ ਮਿੱਤਰ! ਹੇ ਸੱਜਣ!।ਖੁਸਿ ਖਬਰੀ-ਖੁਸ਼ੀ ਦੀ ਖਬਰ।ਬਲਿ ਬਲਿ ਜਾਂਉ-ਬਲਹਾਰ ਜਾਂਦਾ ਹਾਂ।ਹਉ-ਮੈਂ।ਨੀਕੀ-ਸੋਹਣੀ; ਪਿਆਰੀ।ਬਿਗਾਰੀ-ਕਿਸੇ ਲਈ ਕੀਤਾ ਮੁਫਤ ਦਾ ਕੰਮ।ਆਲੇ-ਆਹਲਾ; ਉਤਮ; ਵੱਡਾ; ਉਚਾ।੧।ਰਹਾਉ।ਕੁਜਾ-ਕਿੱਥੋਂ।ਆਮਦ-ਆਇਆ ਹੈਂ।ਕੁਜਾ-ਕਿਥੇ।ਰਫਤੀ-ਗਿਆ ਸੀ।ਮੇ ਰਵੀ-ਜਾ ਰਿਹਾ ਹੈਂ।ਨਗਰੀ-ਸ਼ਹਿਰ। ਰਾਸਿ ਬੁਗੋਈ-ਸੱਚ ਦੱਸੀਂ; ਬੋਲੀਂ।੧।ਖੂਬ-ਸੋਹਣੀ।ਪਗਰੀ-ਪੱਗ।ਬੋਲ-ਬਚਨ।ਕਾਹੇ ਕੇ-ਕਿਥੋਂ ਦੇ।ਮਗੋਲ-ਮੁਗਲ।੨।ਚੰਦੀ-ਕਈ; ਕਿਤਨੇ ਹੀ।ਆਲਮ-ਭਵਨ; ਦੁਨੀਆਂ।ਏਕਲ-ਇਕੱਲਾ; ਇਕ ਹੀ।ਖਾਨਾਂ-ਮਾਲਕ (ਬਹੁਤਿਆਂ ਨੇ ਇਹੀ ਪਾਠ ਲਿਖਿਆ ਹੈ)।ਏਕ ਲਖਾਨਾ-ਇਕ ਲਖਿਆ (ਜਾਣਿਆ) ਹੈ (ਸੰ.ਸ.;ਗੁ.ਗ੍ਰੰ.ਕੋਸ਼;ਬਾ.ਪ੍ਰ.;ਟਕਸਾਲ)।ਹਮ ਚਿਨੀ-ਇਹੋ ਜਿਹਾ।ਸਾਂਵਲੇ ਬਰਨਾਂ-ਸਾਂਵਲੇ ਰੰਗ ਵਾਲਾ (ਕ੍ਰਿਸ਼ਨ)।੩।ਅਸ ਪਤਿ-(ਘੋੜਿਆਂ ਦਾ ਮਾਲਕ) ਸੂਰਜ।ਗਜ ਪਤਿ-(ਹਾਥੀਆਂ ਦਾ ਮਾਲਕ) ਇੰਦਰ ਰਾਜਾ। ਨਰਹ ਨਰਿੰਦ-ਮਨੁੱਖਾਂ ਦਾ ਰਾਜਾ ਬ੍ਰਹਮਾ।ਨਾਮੇ ਕੇ-ਨਾਮ ਦੇਵ ਦੇ।ਸੁਆਮੀ-ਮਾਲਕ।ਮੀਰ-ਪਾਤਸ਼ਾਹ।ਮੁਕੰਦ-ਮੁਕਤੀ ਦੇਣ ਵਾਲਾ ਪ੍ਰਭੂ।੪।੨।੩।

॥ ਰਾਗ ਤਿਲੰਗ ਸਮਾਪਤ ॥